ਬੀਰ ਦੇ ਤੀਰ

ਰਘਬੀਰ ਸਿੰਘ 'ਬੀਰ'

ਬੀਰ ਦੇ ਤੀਰ

ਅਰਥਾਤ

ਸਰਦਾਰ ਰਘਬੀਰ ਸਿੰਘ 'ਬੀਰ' ਦੀਆਂ ਇਨਾਮੀ ਕਵਿਤਾਵਾਂ ਦਾ ਸੰਗ੍ਰਹਿ, ਜੋ ਉਨ੍ਹਾਂ ਨੇ ਵਡੇ ਵਡੇ ਕਵੀ ਦਰਬਾਰਾਂ ਤੇ ਮੁਸ਼ਾਰਿਆਂ ਵਿਚ ਪੜ੍ਹੀਆਂ।

ਰਘਬੀਰ ਸਿੰਘ 'ਬੀਰ'

ਆਤਮ ਸਾਇੰਸ ਟਰੱਸਟ

A-1, ਕਾਲਿੰਦੀ ਕਾਲੋਨੀ, ਨਵੀਂ ਦਿੱਲੀ

ਪਹਿਲੀ ਵਾਰ : 1923
ਦੂਜੀ ਵਾਰ : 1981
ਤੀਜੀ ਵਾਰ : 2002

BIR DE TEER
By : Raghbir Singh Bir
Published by :
Atam Science Trust
A/1, Kalindi Colony,
New Delhi-65

ਪ੍ਰਕਾਸ਼ਕ :
ਆਤਮ ਸਾਇੰਸ ਟਰਸਟ,
ਕਾਲਿੰਦੀ ਕਾਲੋਨੀ, ਨਵੀਂ ਦਿੱਲੀ-65

ਟਾਈਪ ਸੈਟਿੰਗ ਤੇ ਛਪਾਈ :
ਨੈਸ਼ਨਲ ਬੁਕ ਸ਼ਾਪ
ਚਾਂਦਨੀ ਚੌਕ ਦਿੱਲੀ-6

ਮੁੱਲ 28 ਰੁਪਏ

ਬੀਰ ਦੇ ਤੀਰ

ਰਘਬੀਰ ਸਿੰਘ 'ਬੀਰ'

ਤਤਕਰਾ

ਸਮਰਪਣ

ਜੇ ਮੈਂ ਬਾਦਸ਼ਾਹ ਹੁੰਦਾ ਤਾਂ ਸਾਰੇ ਖ਼ਜ਼ਾਨੇ, ਕੁਲ੍ਹ ਹੀਰੇ ਜਵਾਹਰਾਤ ਅਤੇ ਸਿਰ ਦਾ ਤਾਜ ਸਿਖਾਂ ਦੇ ਬੇਤਾਜ ਬਾਦਸ਼ਾਹ ਸਰਦਾਰ ਖੜਕ ਸਿੰਘ ਜੀ ਦੇ ਕਦਮਾਂ ਉਤੇ ਰਖ ਕੇ ਫ਼ਖ਼ਰ ਕਰਦਾ। ਇਸਦੇ ਉਲਟ ਜੇ ਮੈਂ ਫ਼ਕੀਰ ਹੁੰਦਾ ਤੇ ਰੱਬੀ ਦਰਗਾਹ ਵਿਚ ਮੇਰੀ ਰਸਾਈ ਹੁੰਦੀ, ਤਾਂ ਇਸ ਗੁਰਮੁਖ ਪਿਆਰੇ ਦੇ ਵਾਸਤੇ ਅੱਠੇ ਪਹਿਰ ਜਨਾਬ-ਬਾਰੀ ਤੋਂ ਦੁਆ ਮੰਗਣੀ ਆਪਣਾ ਵੱਡਾ ਫ਼ਰਜ਼ ਸਮਝਦਾ। ਜੇ ਮੈਂ ਮੁਸੱਵਰ ਹੁੰਦਾ ਤਾਂ ਇਸ ਯੋਧੇ ਦੇ ਬਹਾਦਰ ਤੇ ਪੁਰ-ਜਲਾਲ ਚਿਹਰੇ ਨੂੰ ਕਾਗਜ਼ ਉਤੇ ਖਿਚ ਕੇ ਆਉਣ ਵਾਲੀਆਂ ਨਸਲਾਂ ਦੇ ਦਿਲਾਂ ਨੂੰ ਉਭਾਰਨ ਲਈ ਇਕ ਵਸੀਲਾ ਤੇ ਨਮੂਨਾ ਛੱਡ ਜਾਂਦਾ। ਜੇ ਮੈਂ ਕਵੀ ਹੁੰਦਾ ਤਾਂ ਇਸ ਬੁੱਢੇ ਪਰ ਜਵਾਨ ਦਿਲ ਜਥੇਦਾਰ ਦੇ ਦਰਦ ਭਰੇ ਜਜ਼ਬਿਆਂ; ਕੁਰਬਾਨੀ ਤੇ ਸਿਦਕ ਦੇ ਵਲਵਲਿਆਂ ਦੀ, ਅੱਖਰਾਂ ਵਿਚ, ਅਜਿਹੀ ਤਸਵੀਰ ਖਿਚਦਾ, ਜਿਸਨੂੰ ਪੜ੍ਹ ਕੇ 'ਕਾਇਰ'—ਬਹਾਦਰ, ਤੇ 'ਗੁਲਾਮ'—ਆਜ਼ਾਦ ਹੋ ਜਾਂਦੇ।

ਪਰ ਹੁਣ ਜਦ ਕਿ ਮੈਂ ਕੁਝ ਵੀ ਨਹੀਂ, ਤਦ ਵੀ ਡਿੱਗੇ ਢੱਠੇ ਫੁੱਲਾਂ ਨੂੰ ਕੱਠੇ ਕਰਨ ਵਾਲੇ ਮਾਲੀ ਦੇ ਇਕ ਅਲ੍ਹੜ ਮੁੰਡੇ ਦੀ ਤਰ੍ਹਾਂ ਖੇਡਦਿਆਂ ਹੋਇਆਂ ਜ਼ਮੀਨ ਤੋਂ ਲੱਭ, ਟੁੱਟੇ, ਖੁੱਥੇ, ਫੁੱਲਾਂ ਨਾਲ ਭਰੀ ਝੋਲੀ ਨੂੰ ਆਪਣੀ ਪਿਆਰੀ ਕੌਮ ਦੇ ਜਥੇਦਾਰ ਦੇ ਚਰਨਾਂ ਉਤੇ ਉਲਟਦਾ ਹਾਂ, ਤਾਂ ਧੜਕਦਾ ਹੋਇਆ ਦਿਲ ਦਿਮਾਗ ਨੂੰ ਪਿਆ ਪੁਛਦਾ ਹਾਂ—"ਕਿਤੇ ਗਲਤੀ ਤਾਂ ਨਹੀਂ ਕੀਤੀ ? ਖ਼ਬਰੇ ਕਬੂਲ ਨਾ ਕਰੇ" ਹਰ ਹਾਲਤ ਵਿਚ ਹਥ ਜੋੜ ਕੇ ਅਕਾਲ ਪੁਰਖ ਅੱਗੇ ਇਹੀ ਅਰਦਾਸ ਹੈ ਕਿ ਸਰਦਾਰ ਜੀ ਦਾ ਸਿੱਖੀ ਸਿਦਕ ਕੇਸਾਂ ਸਵਾਸਾਂ ਨਾਲ ਨਿਭੇ।

ਰਘੁਬੀਰ ਸਿੰਘ

ਮੁਖਬੰਧ

ਸਾਹਿਤ ਤੇ ਕਵਿਤਾ ਦਾ ਜੀਵਨ-ਸੰਗ੍ਰਾਮ ਨਾਲ ਇਕ ਅਟੁਟ ਰਿਸ਼ਤਾ ਹੈ ਜੋ ਵਿਸ਼ੇਸ਼ ਕਰਕੇ ਓਦੋਂ ਉਭਰਦਾ ਹੈ, ਜਦੋਂ ਕੌਮੀ ਜਜ਼ਬਾ ਤੇ ਬੀਰ ਰਸ ਦੋਵੇਂ ਉਦੈਮਾਨ ਹੋਣ। ਵੀਹਵੀਂ ਸਦੀ ਦੇ ਆਰੰਭ ਵਿਚ ਸ਼੍ਰੋਮਣੀ ਕਵੀ ਭਾਈ ਵੀਰ ਸਿੰਘ ਦੀ ਲੇਖਣੀ ਨੇ ਕੌਮ ਵਿਚ ਇਕ ਨਵੀਂ ਰੌਅ ਜਗਾਈ ਅਤੇ ਉਨ੍ਹਾਂ ਦੀਆਂ ਰਚਨਾਵਾਂ ਨੇ ਇਕ ਮਹਾਂ ਸਾਗਰ ਦਾ ਰੂਪ ਲਿਆ।

ਜਿਵੇਂ ਸਾਗਰ ਵਿਚ ਜਵਾਹਰ ਭਾਟਾ ਉਠਣਾ ਕੁਦਰਤੀ ਹੈ, ਸੰਨ ੧੯੧੯ ਦੀ ਵਿਸਾਖੀ ਨੂੰ ਜਲ੍ਹਿਆਂਵਾਲਾ ਬਾਗ ਦੀ ਤੂਫ਼ਾਨੀ ਘਟਨਾ ਤੋਂ ਬਾਅਦ ਗੁਰਦੁਆਰਾ ਲਹਿਰ, ਸ੍ਰੀ ਨਨਕਾਣਾ ਸਾਹਿਬ ਤੇ ਗੁਰੂ ਕਾ ਬਾਗ ਦੇ ਸਾਕਿਆਂ ਨੇ ਦੇਸ਼ ਤੇ ਕੌਮ ਦੀ ਅਣਖ ਨੂੰ ਜਗਾ ਦਿਤਾ। ਇਸ ਜਾਗਰਤ ਦੇ ਪਿਛੇ ਦੋ ਅਨੋਖੀਆਂ ਤੇ ਮਹਾਨ ਹਸਤੀਆਂ ਦੀ ਲਗਨ ਸੀ, ਪਹਿਲੇ ਨਿਰਭੈ ਯੋਧਾ ਬਾਬਾ ਖੜਕ ਸਿੰਘ ਤੇ ਦੂਜੇ ਨੌਜਵਾਨ ਤੇ ਉਭਰਦੇ ਇਨਕਲਾਬੀ ਕਵੀ ਸ. ਰਘੁਬੀਰ ਸਿੰਘ ਬੀਰ।

ਸੂਝਵਾਨ ਇਤਿਹਾਸਕਾਰ ਯਕੀਨਨ ਇਸ ਗੱਲ ਨੂੰ ਮੰਨਣਗੇ ਕਿ ਸ੍ਰੀ ਨਨਕਾਣਾ ਸਾਹਿਬ ਦੇ ਸਾਕੇ ਤੋਂ ਮਗਰੋਂ, ਅੰਗ੍ਰੇਜ਼ੀ ਹਕੂਮਤ ਵਲੋਂ ਸ੍ਰੀ ਦਰਬਾਰ ਸਾਹਿਬ ਦੀਆਂ ਚਾਬੀਆਂ ਸਿਖ ਕੌਮ ਦੇ ਹਵਾਲੇ ਕਰਨਾ, ਇਸ ਜਦੋ-ਜਹਿਦ ਦੀ ਇਕ ਮਹਾਨ ਜਿਤ ਸੀ, ਜਿਸਨੂੰ ਵੇਖਕੇ ਮਹਾਤਮਾ ਗਾਂਧੀ ਨੇ ਵੀ ਸਿਖ ਕੌਮ ਦੀ ਅਹਿੰਸਕ ਵੀਰਤਾ ਦੇ ਪ੍ਰਤਿ ਸ਼ਰਧਾਂਜਲੀ ਪੇਸ਼ ਕੀਤੀ। ਇਸ ਘਟਨਾ ਨੂੰ ਸ: ਰਘਬੀਰ ਸਿੰਘ ਬੀਰ ਨੇ ਆਪਣੇ ਚਸ਼ਮਦੀਦ ਤਜਰਬੇ ਦੇ ਆਧਾਰ ਤੇ "ਬੀਰ ਦੇ ਤੀਰ" ਵਿਚ ਅੰਕਿਤ ਕੀਤਾ ਹੈ। ਨਾਲ ਅੰਗ੍ਰੇਜ਼ੀ ਰਾਜ ਦੀ ਚਾਲਬਾਜ਼ੀ ਨੂੰ ਭੰਡਿਆ ਹੈ :

"ਜਿਸ ਤੋਂ ਕੰਮ ਲੈਣਾ ਹੋਵੇ ਕਹਿਣ ਉਸ ਨੂੰ,
ਘਰ ਬਾਰ ਸਾਡਾ ਤੇਰਾ ਮਾਲ ਹੀ ਏ।
ਔੜਕ ਬੀਤ ਜਾਵੇ ਜਦੋਂ ਫੇਰ ਕਹਿੰਦੇ
ਤੇਰੇ ਲਈ ਹੁਣ ਜੇਲ੍ਹ ਦੀ ਦਾਲ ਹੀ ਏ।"

ਅਜਿਹੇ ਇਨਕਲਾਬੀ ਵਿਚਾਰਾਂ ਨੂੰ ਲੋਕਾਂ ਵਿਚ ਫੈਲਦਾ ਵੇਖ ਕੇ ਵਿਦੇਸ਼ੀ ਸਰਕਾਰ ਭਲਾ ਚੁਪ ਕਿਵੇਂ ਰਹਿ ਸਕਦੀ ਸੀ। ਉਨ੍ਹਾਂ "ਬੀਰ ਦੇ ਤੀਰ" ਨੂੰ ਜ਼ਬਤ ਕਰ ਲਿਆ ਅਤੇ ਕਵੀ ਦੀ ਗ੍ਰਿਫਤਾਰੀ ਦੇ ਵਾਰੰਟ ਕਢ ਦਿਤੇ, ਜਿਸ ਦੀ ਬਦੌਲਤ ਉਨ੍ਹਾਂ ਨੂੰ ਪੰਜਾਬ ਛੱਡ ਕੇ ਕਲਕਤੇ ਵਿਚ ਰੂਪੋਸ਼ ਹੋਣਾ ਪਿਆ।

ਉਨ੍ਹਾਂ ਦੀਆਂ ਕਵਿਤਾਵਾਂ ਦਾ ਇਹ ਸੰਗ੍ਰਹਿ ਅਜ ੫੫ ਸਾਲ ਮਗਰੋਂ ਫਿਰ ਦੇਸ਼ ਦੇ ਸਾਹਮਣੇ "ਆਤਮ ਸਾਇੰਸ ਟ੍ਰਸਟ" ਦੇ ਉਦਮ ਨਾਲ

ਪੇਸ਼ ਹੈ। ਪਾਠਕ ਮਹਿਸੂਸ ਕਰਨਗੇ, ਜਿਵੇਂ ਮੈਂ ਮਹਿਸੂਸ ਕਰਦਾ ਹਾਂ, ਕਿ ਜਿਹੜਾ ਜੋਸ਼, ਜਿਹੜੀ ਸ਼ਕਤੀ, ਜਿਹੜਾ ਵਲਵਲਾ ਤੇ ਦਰਦ ਇਨ੍ਹਾਂ ਕਵਿਤਾਵਾਂ ਨੇ 1920 ਦੇ ਦਹਾਕੇ ਵਿਚ ਉਤਪੰਨ ਕੀਤਾ, ਉਹ ਹੁਣ ਵੀ ਠਾਠਾਂ ਮਾਰ ਰਿਹਾ ਭਾਸਦਾ ਹੈ। ਸ਼ਾਇਦ ਇਹ ਚਿਰਕਾਲੀ ਸਿਫਤ ਅਮਰ ਸਾਹਿਤ ਦਾ ਹੀ ਇਕ ਚਿੰਨ੍ਹ ਹੈ। ਇਹ ਖ਼ੂਬੀ ਕਵੀ ਪੈਦਾ ਕਰਦਾ ਹੈ, ਜਾਂ ਇਤਿਹਾਸਕ ਰਵਾਇਤਾਂ ਤੇ ਸ਼ਹਾਦਤਾਂ ਦੀ ਦੇਣ ਹੈ, ਕਹਿਣਾ ਮੁਸ਼ਕਲ ਹੈ। ਕਵਿਤਾ ਸਾਰਿਆਂ ਗੁਣਾਂ ਦਾ ਅਨੋਖਾ ਮਿਸ਼ਰਣ ਹੈ। ਇਸ ਕਾਰਣ ਬੀਰ ਜੀ ਦੀਆਂ ਕਵਿਤਾਵਾਂ ਨੇ ਲੋਕ ਗੀਤਾਂ ਦਾ ਰੂਪ ਧਾਰ ਲਿਆ ਹੈ, ਉਦਾਹਰਣ ਵਜੋਂ : "ਕਲਗੀ ਵਾਲਿਆ ਤੇਰੇ ਸਕੂਲ ਅੰਦਰ ... " ਢਾਡੀ ਜੱਥੇ ਹੁਣ ਵੀ ਗਾਂਦੇ ਸੁਣੀਂਦੇ ਹਨ।

ਪਰ ਅਲੌਕਿਕ ਅਚੰਭੇ ਦੀ ਗੱਲ ਤਾਂ ਇਹ ਹੈ ਕਿ "ਖਾਲਸਾਈ ਸ਼ਾਨ" ਦੀਆਂ ਯਾਦਾਂ ਤਾਜ਼ਾ ਕਰਨ ਵਾਲੇ ਬੀਰ-ਰਸ ਦੇ ਇਹ ਅਨੋਖੇ ਕਵੀ, ਬਾਅਦ ਵਿਚ ਆਤਮਕ ਮਾਰਗ ਦੇ ਅਣਥਕ ਖੋਜੀ ਬਣੇ ਤੇ ਸੰਸਾਰ ਨੂੰ ਗੁਰਮਤਿ ਮਾਰਗ ਸਮਝਾਣ ਲਈ "ਬੰਦਗੀ ਨਾਮਾ" ਤੇ "ਅਰਦਾਸ ਸ਼ਕਤੀ" ਵਰਗੀਆਂ ਰਚਨਾਵਾਂ ਦੀ ਚਾਬੀ ਛਡ ਗਏ। ਕਦੋਂ ਉਹ ਕਵੀ ਤੋਂ ਆਤਮ ਮਾਰਗ ਦੇ ਖੋਜੀ ਤੇ ਵਿਚਾਰਕ ਬਣੇ, ਕਦੋਂ ਦੇਸ਼ ਦੀ ਆਜ਼ਾਦੀ ਤੇ ਕੌਮੀ ਸ਼ਾਨ ਨੂੰ ਸੁਰਜੀਤ ਕਰਨ ਦੇ ਦੌਰ 'ਚੋਂ ਨਿਕਲ ਕੇ ਨਾਮ ਰੰਗ ਵਿਚ ਰੰਗੇ ਗਏ, ਕਹਿਣਾ ਕਠਿਨ ਹੈ। ਜੀਵਨ ਤਰੰਗਾਂ ਨੂੰ ਸਮੇਂ ਦੀ ਤਰਤੀਬ ਨਾਲ ਵੰਡਿਆ ਨਹੀਂ ਜਾ ਸਕਦਾ। ਹਾਂ, ਆਤਮਾ ਦੇ ਮੰਡਲ ਵਿਚ ਉਨ੍ਹਾਂ ਦਾ ਪ੍ਰਵੇਸ਼ ਬਾਲਪਨ ਤੋਂ, ਆਪਣੇ ਦਾਦੀ ਜੀ ਦੀ ਗੋਦੀ ਵਿਚ ਹੀ ਹੋ ਚੁਕਾ ਦਸਿਆ ਜਾਂਦਾ ਹੈ। 1954 ਵਿਚ ਪਹਿਲੀ ਵਾਰ ਛਪੀ ਪੁਸਤਕ "ਸਾਡੇ ਵਿਚਾਰ" ਅਰਥਾਤ "ਖ਼ਿਆਲ ਸ਼ਕਤੀ" ਦੇ ਮੁਖਬੰਧ ਵਿਚ ਉਹ ਕਹਿੰਦੇ ਹਨ :

"ਦੁਖ ਸੁਖ ਘਾੜਤ ਮਨ ਦੀ ਸੁਰਗ ਨਰਕ ਭੀ ਨਾਲ।"

ਅਜ ਫਿਰ ਦੇਸ਼ ਤੇ ਕੌਮ ਨੂੰ ਉਸ ਏਕਤਾ, ਦੇਸ਼ ਭਗਤੀ ਤੇ ਦ੍ਰਿੜ੍ਹਤਾ ਦੀ ਲੋੜ ਹੈ, ਜੋ "ਬੀਰ ਦੇ ਤੀਰ" ਦੇ ਕਰਤਾ ਨੇ "ਖਾਲਸਈ ਸ਼ਾਨ" ਦੇ ਸਫਿਆਂ ਵਿਚ ਸੱਠ ਸਾਲ ਪਹਿਲਾਂ ਇਸ ਤਰ੍ਹਾਂ ਬਿਆਨ ਕੀਤੀ :

"ਘਿਰੀ ਕੌਮ ਤੇਰੀ ਬਿਪਤਾ ਵਿਚ ਸਾਰੀ,
ਬੀਰ ਅਜ ਕੋਈ ਪਹਿਲੀ ਵਾਰ ਨਾਹੀ।
ਅਸੀਂ ਆਪਣੇ ਬਜ਼ੁਰਗਾਂ ਵਾਂਗ ਹੁਣ ਭੀ,
ਦੇਣਾ ਸਿਰ, ਪਰ ਮੰਨਣੀ ਹਾਰ ਨਾਹੀ।"

ਇਹ ਵਲਵਲਾ ਅਜ ਉਤਨਾ ਹੀ ਢੁਕਵਾਂ ਹੈ ਜਿਤਨਾ ੧੯੨੩ ਵਿਚ ਸੀ, ਕਿਉਂਕਿ "ਨਿਸਚੈ ਕਰ ਅਪਨੀ ਜੀਤ ਕਰੋਂ" ਦਾ ਸੰਦੇਸ਼ ਇਕ ਸਦੀਵੀ ਵੰਗਾਰ ਹੈ, ਕਿਉਂਕਿ ਸਚਾਈ ਦੀ ਜਦੋ-ਜਹਿਦ ਕੁਰਬਾਨੀ ਮੰਗਦੀ ਹੈ, ਕਿਉਂਕਿ ਆਤਮਾ ਅਪਰਾਜਿਤ ਹੈ।

ਨਵੀਂ ਦਿੱਲੀ — ਸਰਨ ਸਿੰਘ
ਵਿਸਾਖੀ ੧੯੯੧

*ਪਾਪੀ ਮਾਰਨ ਨੂੰ ਪਾਪੀ ਦਾ ਪਾਪ ਕਾਫ਼ੀ

ਸੁਣ ਐ ਦਰਦ ਭਰੇ ਕੈਦੀ ਦਿਲ ਮੇਰੇ,
ਰੋ ਨਾਹੀਂ ਗੁਲਾਮੀ ਦੀ ਕੈਦ ਅੰਦਰ।
"ਆਖ਼ਰ ਸੁਣੇਗਾ ਆਹ ਸੱਯਾਦ ਤੇਰੀ"
ਧੋਖਾ ਖਾਉ ਨਾ ਏਸ ਉਮੈਦ ਅੰਦਰ।
ਜੋਸ਼ ਮਾਰਨੇ ਦੀ ਖ਼ੂਬੀ ਸਰਦ ਹੋ ਗਈ,
ਏਸ ਜ਼ਾਲਮ ਦੇ ਲਹੂ ਸੁਫੈਦ ਅੰਦਰ।
ਕਿਵੇਂ ਹੋਣ ਅੱਛੇ ਜ਼ਖ਼ਮ ? ਹੋਵੇਬੀ ਨਾ,
ਮੱਲ੍ਹਮ ਲੈਣ ਦੀ ਸੋਚ ਜੋ ਵੈਦ ਅੰਦਰ।

ਕਦੀ ਛੁਰੀ ਜੱਲਾਦ ਭੀ ਤਰਸ ਖਾਵੇ ?
ਲਾਸ਼ਾਂ ਕੁਸਦੀਆਂ ਵੇਖ ਵਿਚਾਰੀਆਂ ਨੂੰ।
ਜ਼ਾਲਮ ਭਲਾ ਕਦੀ ਜ਼ਾਲਮ ਹੋਣ ਹੀ ਕਿਉਂ ?
ਜੇਕਰ ਸੁਨਣ ਲੱਗਣ ਆਹੋਜ਼ਾਰੀਆਂ ਨੂੰ।
ਸ਼ੁਕਰ ਹੈ ਪਰਮਾਤਮਾ ਦਾ ਆਖ਼ਰ,
ਆਈ ਖਾਲਸਾ ਕੌਮ ਹੈ ਜਾਗ ਤੈਨੂੰ।
ਕਈਆਂ ਸਦੀਆਂ ਦੇ ਬਾਅਦ ਹੈ ਮਸਤ ਕੀਤਾ,
ਫੇਰ ਆਣ ਕੇ ਤੇ ਕੌਮੀ ਰਾਗ ਤੈਨੂੰ।

---

* ਇਹ ਨਜ਼ਮ ਸਭ ਤੋਂ ਪਹਿਲਾਂ ਸਿਖ ਲੀਗ ਲਾਹੌਰ ੧੯੨੦ ਚ ਪੜ੍ਹੀ ਗਈ ਸੀ।

ਹੋਯਾ ਕੀ ਜੇ ਖ਼ੁਦਗਰਜ਼ ਆਗੂਆਂ ਨੇ,
ਲਾਲਚ ਵਿਚ ਆ ਕੇ ਲਾਏ ਦਾਗ ਤੈਨੂੰ।
ਓਹੀ ਫੁੱਲ ਫਿਰ ਖਿੜਨਗੇ ਵਿਚ ਤੇਰੇ,
ਫ਼ਖ਼ਰ ਸਮਝਸੀ ਹਿੰਦ ਦਾ ਬਾਗ ਤੈਨੂੰ।
ਤੇਰੇ ਵੱਲੋਂ ਹਿੰਦੂ ਮੁਸਲਮਾਨਾਂ ਨੂੰ ਮੈਂ,
ਵਾਅਦਾ ਦਿਆਂ ਛਾਤੀ ਉਤੇ ਹੱਥ ਧਰ ਕੇ।
ਕਿ—'ਕੁਰਬਾਨੀ ਦੇ ਅਸੀਂ ਮੈਦਾਨ ਅੰਦਰ,
ਸੇਹਰਾ ਲਵਾਂਗੇ ਸਭਨਾਂ ਤੋਂ ਵੱਧ ਮਰ ਕੇ।'

ਚੁੱਪ ਹਾਂ ਕਿਉਂਕਿ ਸਾਡੇ ਜ਼ਖ਼ਮ ਡੂੰਘੇ,
ਖਾਂਡਾ ਬੋਲੇ ਜਦੋਂ ਤੀਕ ਭੱਜਦਾ ਨਹੀਂ।
ਸਾਡਾ ਜੋਸ਼ ਬਰਸਨ ਲਗਾ ਖ਼ੂਬ ਬਰਸੂ,
ਹੋਯਾ ਕੀ ? ਜੇਕਰ ਐਡਾ ਗੱਜਦਾ ਨਹੀਂ।
ਤੇਰੀ ਆਨ ਖ਼ਾਤਰ ਭਾਰਤ ਵਰਸ਼ ਮੇਰੇ,
ਮਰਨਾ ਸਿੱਖਿਆ ਏ ਅਸੀਂ ਅੱਜ ਦਾ ਨਹੀਂ।
ਤੇਰਾ ਪ੍ਰੇਮ ਲੈਹਰਾ, ਗੈਹਰਾ ਦਿਲ ਅੰਦਰ,
ਸਾਡੇ ਅੱਜ ਦਾ ਤੇ ਕੋਈ ਵੱਜਦਾ ਨਹੀਂ।

ਰਹੇ ਤੁੱਧ ਉਤੋਂ ਕੁਰਬਾਨ ਹੁੰਦੇ,
ਸਾਡੇ ਗੁਰੂ ਮਹਾਤਮਾ ਵੀਰ ਸਾਰੇ।
ਵੱਧ ਵੱਧ ਖਾਂਦੇ ਰਹੇ ਤੁੱਧ ਪਿਛੇ,
ਸ਼ੌਕ ਨਾਲ ਛਾਤੀ ਵਿੱਚ ਤੀਰ ਸਾਰੇ।
ਹਿੰਦੁਸਤਾਨ ਪਿਆਰਾ ਸਾਨੂੰ ਬਹੁਤ ਕਿਉਂ ਏ ?

ਸਾਡੇ ਵੱਡਿਆਂ ਦੀ ਕਤਲਗਾਹ ਏਥੇ !
ਦਸਵੇਂ ਗੁਰੂ ਜੀ ਨੇ ਚਾਰੇ ਲਾਲ ਵਾਰੇ,
ਦਿੱਤਾ ਸੀਸ ਨਾਵੇਂ ਪਾਤਸ਼ਾਹ ਏਥੇ।

ਸਾਡਾ ਮੱਕਾ, ਮਦੀਨਾ ਤੇ ਹੱਜ ਕਾਅਬਾ,
ਸਾਡਾ ਅਰਬ, ਸਾਡੀ ਕਰਬਲਾ ਏਥੇ।
ਸਾਡਾ ਸੁਰਗ ਏਹੀ, ਸਚਖੰਡ ਏਹੀ,
ਸਚੇ ਸਤਿਗੁਰੂ ਦੀ ਦਰਗਾਹ ਏਥੇ।
ਪਿਆਰੇ ਹਿੰਦ ! ਜੇਕਰ ਤੇਰੀ ਰੱਖਿਆ ਲਈ,
ਸਿੱਖ ਦੂਜੀਆਂ ਕੌਮਾਂ ਥੀਂ ਮਰਨ ਬਹੁਤੇ।
ਕੋਈ ਅਜਬ ਨਹੀਂ, ਕਿਉਂਕਿ ਤੁੱਧ ਉਤੇ,
ਸਿੱਖ ਹੀ ਨੇ, ਜੋ ਮਾਨ ਕਰਨ ਬਹੁਤੇ।

ਡਾਇਰ ! ਤੇਰੇ ਜੇਹੇ ਕਈ ਤੂਫ਼ਾਨ ਆਏ,
ਏਸ ਦੁਨੀਆਂ ਫਨਾਹ ਦੇ ਬੈਹਰ ਅੰਦਰ।
ਕਈ ਭਰੇ ਬੇੜੇ ਉਹਨਾਂ ਗਰਕ ਕੀਤੇ,
ਅਪਣੇ ਜ਼ੁਲਮ ਤੇ ਸਿਤਮ ਦੀ ਲੈਹਰ ਅੰਦਰ।
ਆਜਜ਼ ਹੋਇਕੇ ਝੱਗ ਦੇ ਵਾਂਗ ਬਹਿ ਗਏ,
ਆਇਆ ਜਗਤ-ਪਿਤਾ ਜਦੋਂ ਕਹਿਰ ਅੰਦਰ।
ਜੇਹੜੀ ਅੱਗ ਤੂੰ ਹੈ ਅੰਮ੍ਰਿਤਸਰ ਬਾਲੀ,
ਇਕ ਦਿਨ ਬਲੇਗੀ ਓਹ ! ਤੇਰੇ ਸ਼ੈਹਰ ਅੰਦਰ।

ਇਹ ਨਾ ਸਮਝ ਸੱਜਣ ! ਤੈਨੂੰ ਮਿਲੀ ਪੈਨਸ਼ਨ,
ਘਰ ਬੈਠ ਕੇ ਐਸ਼ ਮਨਾਣ ਦੇ ਲਈ।
ਅੰਮ੍ਰਿਤਸਰੋਂ ਤੁਰੀਆਂ ਨੇ ਸ਼ਹੀਦ ਰੂਹਾਂ,
ਤੈਨੂੰ ਖ਼ਵਾਬ ਦੇ ਵਿਚ ਡਰਾਣ ਦੇ ਲਈ।
*ਅਸੀਂ ਸਿੱਖ ਸਿੱਧੇ ਸਾਦੇ ਸਤਿਗੁਰੂ ਦੇ,
ਮੂੰਹੋਂ ਕਹਾਂਗੇ ਜੋ ਕਰਾਂਏਂਗੇ ਗਾਂਧੀ।

ਤੂੰ ਹੈਂ ਯਾਰ ਸਾਡਾ ਅਸੀਂ ਯਾਰ ਪਿਛੇ,
ਦੁੱਖ ਜਾਨ ਉਤੇ ਜਰਾਂਏਂਗੇ ਗਾਂਧੀ।
ਜਦੋਂ ਤੀਕ ਹੈ ਦਮ ਵਿਚ ਦਮ ਬਾਕੀ,
ਅਸੀਂ ਤੇਰਾ ਹੀ ਦਮ ਭਰਾਂਏਂ ਗੇ ਗਾਂਧੀ।
ਬਾਜਾਂ ਵਾਲੇ ਨੇ ਜੇਕਰ ਤੌਫੀਕ ਬਖ਼ਸ਼ੀ,
ਮੁਲਕ ਪਿੱਛੇ ਅਸੀਂ ਮਰਾਂਏਂ ਗੇ ਗਾਂਧੀ।
ਗੱਲਾਂ ਬਹੁਤੀਆਂ ਨਾ ਸਾਨੂੰ ਔਂਦੀਆਂ ਨੇ,
ਜੇਕਰ ਲੋੜ ਤੈਨੂੰ ਸਾਡੇ ਸੀਸ ਹਾਜ਼ਰ।
ਦੁਖ ਸਮੇਂ ਤੂੰ ਬਣਿਓਂ ਤਬੀਬ ਸਾਡਾ,
ਖ਼ੁਸ਼ੀ ਨਾਲ ਹੁਣ ਹੈ ਤੇਰੀ ਫੀਸ ਹਾਜ਼ਰ।

ਸੜੇ ਪਰਵਾਨਾ, ਹੱਸੇ ਸ਼ਮ੍ਹਾ ਪਰ ਨਾ,
ਬੇ-ਸਮਝ ਹੈ ਅਸਲ ਵਿਚ ਆਪ ਬਲਦੀ।
ਲਾਸ਼ ਰਹੇ ਪਤਵਾਨੇ ਦੀ ਸੁਬ੍ਹਾ ਤਾਈਂ,

* ਮਹਾਤਮਾ ਜੀ ਵੀ ਏਸ ਸਮੇਂ ਦਰਸ਼ਨ ਦੇ ਰਹੇ ਸਨ।

ਸ਼ਮ੍ਹਾ ਨੇਸਤ ਹੁੰਦੀ ਇਸ ਤੋਂ ਭੀ ਜਲਦੀ।
ਕੁਝ ਚਿਰ ਲਈ ਜ਼ਾਲਮ ਦੇ ਜ਼ੁਲਮ ਅੱਗੇ,
ਭਾਵੇਂ ਪੇਸ਼ ਮਜ਼ਲੂਮ ਦੀ ਨਹੀਂ ਚਲਦੀ।
ਆਖ਼ਰਕਾਰ ਮਜ਼ਲੂਮ ਤੋਂ ਭੀ ਪਹਿਲੋਂ,
ਢੇਰੀ ਜ਼ਾਲਮ ਦੀ ਖ਼ਾਕ ਦੇ ਵਿਚ ਰਲਦੀ।

ਬੇਇਨਸਾਫ ਦੀ ਬੇਖ ਉਖੇੜਨੇ ਨੂੰ,
ਉਸਦੀ ਬੇਇਨਸਾਫ਼ੀ ਹੈ ਆਪ ਕਾਫੀ।
ਕ੍ਰਿਸ਼ਨ ਅਰਜਨ ਨੂੰ ਕਿਹਾ ਕਿ 'ਦੇਖ ਅਰਜਨ !
ਪਾਪੀ ਮਾਰਨ ਨੂੰ ਪਾਪੀ ਦਾ ਪਾਪ ਕਾਫ਼ੀ।'
ਦੁਨੀਆਂ ਵਿਚ ਜੇ ਤਕੀਏ ਗੌਰ ਕਰਕੇ,
ਸਾਰੇ ਜੀਉਂਦੇ ਨੇ ਮਰ ਜਾਣ ਪਿੱਛੇ।
ਸ਼ਮ੍ਹਾ ਜਗੇ ਓੜਕ ਸੜ ਜਾਣ ਕਾਰਨ,
ਫੁਲ ਖਿੜਦੇ ਆਖ਼ਰ ਕੁਮਲਾਣ ਪਿੱਛੇ।

ਜਿਨ੍ਹਾਂ ਵੱਲ ਆਇਆ ਮਰ ਕੇ ਜੀਉਣੇ ਦਾ,
ਮਰ ਜਾਉਂਦੇ ਫਰਜ਼ ਨਿਭਾਣ ਪਿੱਛੇ।
ਆਇਆ ਸਮਾਂ ਜੀਵਨ ਸਫਲ ਕਰਨ ਵਾਲਾ,
ਉਠੋ ਕਮਰ ਕੱਸੋ ਕਰੋ ਨੌਜਵਾਨ ਸਿੱਖੋ !
ਸਾਹਿਬ ਜ਼ੋਰਾਵਰ ਸਿੰਘ ਦੀ ਤਰ੍ਹਾਂ ਰੱਖੋ,
ਕਾਯਮ ਫੇਰ ਬਜ਼ੁਰਗਾਂ ਦੀ ਸ਼ਾਨ ਸਿੱਖੋ !
"ਬੀਰ" ਚਲ ਲਈਏ ਅਸੀਂ ਭੀ ਹਿੱਸਾ,
ਜ਼ੁਲਮ ਆਜਜ਼ੀ ਦੀ ਜੋ ਲੜਾਈ ਹੋਸੀ।

ਓਧਰ ਜ਼ਾਲਮਾਂ ਹੱਥ ਤਲਵਾਰ ਖਿੱਚੀ,
ਏਧਰ ਆਜਜ਼ਾਂ ਗਰਦਨ ਝੁਕਾਈ ਹੋਸੀ।
ਜ਼ਾਲਮ ਬਰਛੀ ਸਿਤਮਗਰੀ ਦੀ ਤਾਣੀ,
ਆਜਜ਼ ਸਬਰ ਦੀ ਢਾਲ ਲਗਾਈ ਹੋਸੀ।
ਐਪਰ ਚੱਲ ਕੇ ਵੇਖ ਕਰਤਾਰ ਦੇ ਰੰਗ,
ਚਿੜੀ ਕਿਵੇਂ ਹਿੱਸਾ ਲੈਂਦੀ ਬਾਜ਼ ਕੋਲੋਂ।
ਚੱਲ ਵੇਖੀਏ "ਫਤਹ" ਦੀ ਖ਼ੈਰ ਪੈਂਦੀ,
ਕਿਵੇਂ ਮਾੜਿਆਂ ਨੂੰ ਮਹਾਰਾਜ ਕੋਲੋਂ।

* ਸਾਕਾ ਨਨਕਾਣਾ ਸਾਹਿਬ (੧)

ਕਾਹਨੂੰ ਹੋਣੀਏ ! ਡਾਇਣੇ !! ਖ਼ੂਨਣੇ ਨੀ !!!
ਸਦਾ ਲਹੂ ਜਵਾਨਾਂ ਦੇ ਨ੍ਹਾਵਨੀ ਏਂ।
ਬੇਗੁਨਾਹਾਂ, ਮਸੂਮਾਂ ਤੇ ਆਜਜ਼ਾਂ ਦੇ,
ਸਦਾ ਖ਼ੂਨ ਦੀ ਮੈਂਹਦੀ ਲਗਾਵਨੀਂ ਏਂ।
ਨਿਤ ਸੁੱਤੀਆਂ ਕਲਾ ਜਗਾਉਂਨੀ ਏਂ !
ਸਦਾ ਉਲਟੀਆਂ ਹਵਾ ਲਗਾਵਨੀਂ ਏਂ।
ਪਈ ਬਾਲਦੀ ਏਂ ਸਿਤਮ ਅੱਗ ਕਿਧਰੇ,
ਕਿਧਰੇ ਕੈਹਰ ਦੀ ਛੁਰੀ ਚਲਾਵਨੀਏਂ।
ਅਸੀਂ ਕਦੋਂ ਸੁੱਖੀ ਬੈਠੇ ਸੀ ? ਜੋ ਤੂੰ,
ਫੇਰ ਸਾੜਨੇ ਤੇ ਲੱਕ ਬੰਨ੍ਹਿਆ ਈ।
ਕੀਤਾ ਅੱਗੇ ਸੀ ਦੁੱਖਾਂ ਦੇ ਭਾਰ ਕੁੱਬਾ,
ਮੇਰੀ ਕੌਮ ਦਾ ਲੱਕ ਜੋ ਭੰਨਿਆ ਈ।

ਐ ਮਹੰਤ ! ਕੁੱਤੇ ! ਸਿੱਖ ਦੇਅ ਘਰ ਦੇ,
ਮਾਲਕ ਵਢਦਿਆਂ ਨਾ ਤੈਨੂੰ ਲਾਜ ਆਈ।
ਕੁੱਤਾ ਪਾਗਲ ਭੀ ਮਾਲਕ ਪਛਾਣਦਾ ਏ !
ਨਵੀਂ ਜੰਗ ਤੇ ਰਸਮ ਤੂੰ ਵਰਤਾਈ !
ਓਸੇ ਕੌਮ ਤੇ ਚੁੱਕਿਆ ਹੱਥ ਤੈਨੇ,
ਤੇਰੇ ਵੱਡਿਆਂ ਨੂੰ ਜੀਨ੍ਹੇ ਖ਼ੈਰ ਪਾਈ।

---
* ਇਹ ਕਵਿਤਾ ਹੁਸ਼ਿਆਰਪੁਰ ਕਾਨਫਰੰਸ ਸਮੇਂ ਕਵੀ ਦਰਬਾਰ ਵਿਚ ਪੜ੍ਹੀ ਗਈ ਸੀ।

ਜਿਸਦੇ ਟੁਕੜੇ ਖਾਇ ਕੇ ਫਿੱਟਿਓਂ ਤੂੰ,
ਉਸਨੂੰ ਇਹ ਬਦਲਾ ਦੇਣਾ ਤੂੰ ਸਾਈ ?
ਜਿਨ੍ਹਾਂ ਫੜ ਲਈ ਓਟ ਅਕਾਲ ਦੀ ਸੀ,
ਧਮਕੀ ਮੌਤ ਦੀ ਕੀ ਉਹ ਪਛਾਣਦੇ ਸਨ।
ਓਹ ਕਿਵੇਂ ਰੈਂਹਦੇ ਜਿਨ੍ਹਾਂ ਲੈਣ ਆਏ,
ਮਿਲ ਕੇ ਸਾਰੇ ਸ਼ਹੀਦ ਜਹਾਨ ਦੇ ਸਨ।

ਪਹਿਲਾਂ ਹਜ਼ਰਤ 'ਮਸੀਹ' ਪਰਭਾਤ ਵੇਲੇ,
ਹਥ ਵਿਚ ਲੈ ਫੁੱਲਾਂ ਦੇ ਹਾਰ ਆਏ।
ਮਗਰੋਂ 'ਹਸਨ' 'ਹੁਸੈਨ' ਭਰਾ ਦੋਵੇਂ,
ਸਿਰ ਤੇ ਕੇਸਰੀ ਬੰਨ੍ਹ ਦਸਤਾਰ ਆਏ।
ਫਿਰ ਮਨਸੂਰ ਤੇ ਸ਼ੱਮਸ਼-ਤਬਰੇਜ਼ ਮਿਲ ਕੇ,
ਪਹੁ ਫੁਟਦਿਆਂ ਹੀ ਦੋਵੇਂ ਯਾਰ ਆਏ।
ਇਸਦੇ ਬਾਅਦ ਹਕੀਕਤ ਰਾਇ ਆਇਆ,
ਸਾਹਿਬਜ਼ਾਦੇ ਵੀ ਸਿਖਾਂ ਦੇ ਚਾਰ ਆਏ।
ਗੁਰੂ ਤੇਗ ਬਹਾਦਰ ਤੇ ਗੁਰੂ ਅਰਜਨ,
ਫੇਰ ਕਈਆਂ ਸ਼ਹੀਦਾਂ ਦੇ ਨਾਲ ਆ ਗਏ।
ਸਭ ਦੇ ਬਾਅਦ ਸ਼ਾਹਨਸ਼ਾਹ ਗੁਰੂ ਦਸਵੇਂ,
ਲਾਣ ਨਾਲ ਛਾਤੀ ਆਪਣੇ ਲਾਲ ਆ ਗਏ।

ਖੂਨੀ ਫੜ ਭਾਈ ਲਛਮਣ ਸਿੰਘ ਜੀ ਨੂੰ,
ਲਗੇ ਧੜ ਤੋਂ ਸੀਸ ਉਤਾਰਨੇ ਜਾ।
"ਭਾਈ ਸਾਹਿਬ ਜੀ ਨੇ ਧੰਨਵਾਦ ਕੀਤਾ—
ਆਪਣੇ ਕਾਤਲਾਂ ਦਾ" ਲਗੇ ਮਾਰਨੇ ਜਾਂ।
"ਕੀ ਸਬਬ ਸਿੱਖਾ ?" ਤਾਂ ਮਹੰਤ ਪੁਛੇ—

"ਕਿਉਂ ਜਲਾਦ ਦੇ ਕਹੇਂ ਕਿ ਵਾਰਨੇ ਜਾ"।
ਭਾਈ ਸਾਹਿਬ ਕਿਹਾ "ਮੈਨੂੰ ਜਿਵ੍ਹੀ ਰਾਹੀਂ—
ਮਿਲਸੀ ਗੁਰੂ ਉਸਦੇ ਬਲਿਹਾਰਨੇ ਜਾਂ"।
ਸਿਦਕ ਦੇਖ ਸਾਰੇ ਜਥੇ ਨੇ ਲਾਏ,
ਸੱਤ ਸਿਰੀ ਅਕਾਲ ਦੇ ਜੈਕਾਰੇ !
"ਧੰਨ ਗੁਰੂ ਨਾਨਕ !" ਕਹਿੰਦੇ ਹੀ ਕਹਿੰਦੇ,
ਗਏ ਯਾਰ ਦੇ ਬੂਹੇ ਤੇ ਸਭ ਮਾਰੇ !

ਲਛਮਨ ਸਿੰਘ ਜੀ ! ਕੀ ਰਿਹਾ ਅੰਤ ਵੇਲੇ ?
ਪੰਥ ਖਾਲਸੇ ਦਾ ਹੁਕਮ ਯਾਦ ਤੈਨੂੰ।
ਤੇਰੇ ਹੁਕਮ, ਮੂਜਬ ਰਿਹਾ ਚੁੱਪ ਜੱਥਾ,
ਕੋਂਹਦੇ ਸਾਮ੍ਹਣੇ ਵੇਖ ਜਲਾਦ ਤੈਨੂੰ।
ਤੇਰੀ ਲਾਸ਼ ਭੀ ਜ਼ਰਾ ਨਾ ਮੂਲ ਫੜਕੀ,
ਕੀਤਾ ਜ਼ਿਬ੍ਹਾ ਸੀ ਜਦੋਂ ਸੱਯਾਦ ਤੈਨੂੰ।
ਹੱਥ ਚੁਕਿਆ ਨਾ, ਮਾਰੇ ਗਏ ਸਾਰੇ,
ਪਰ ਸੁਣਾਈ ਨਾ ਕਿਸੇ ਫਰਿਆਦ ਤੈਨੂੰ।
ਦੁਨੀਆਂ ! ਦੇਖ ਲੈ ਸਿਖਾਂ ਨੂੰ ਵੱਲ ਆਵੇ,
ਜਿੱਥੇ ਮਾਰਨੇ ਦਾ ਓਥੇ ਮਰਨ ਦਾ ਭੀ।
ਜੇਕਰ ਸੂਰਮੇ ਵਾਂਗ ਤਲਵਾਰ ਮਾਰਨ,
ਸੰਤਾਂ ਵਾਂਗ ਜਾਨਣ ਵੱਲ ਜਰਨ ਦਾ ਭੀ।

ਹੈ ਹਨ੍ਹੇਰ ਕਿ ਗਾਜਰਾਂ ਵਾਂਗ ਵੱਢੇ,
ਇਸ ਮਹੰਤ ਨੇ ਸਿੱਖਾਂ ਦੇ ਲਾਲ ਫੜ ਕੇ।
ਵਾਂਗ ਲੱਕੜਾਂ ਸਿੰਘਾਂ ਨੂੰ ਪੜਵਾਯਾ,
ਹਾ ਬਿਦਰਦ ! ਕੁਲਹਾੜਿਆਂ ਨਾਲ ਫੜ ਕੇ।
ਲਛਮਣ ਸਿੰਘ ਦਾ ਸਿਰ ਲਟਕਾਈ ਫਿਰਿਆ,

ਕਾਤਲ ਹੱਥ ਵਿਚ ਓਸਦੇ ਵਾਲ ਫੜ ਕੇ।
ਇਸ ਮਹੰਤ ਨੇ ਢੋਲ ਵਜਾਇ ਸਾਡਾ—
ਝੁੱਗਾ ਲੁੱਟਿਆ ਹੱਥ ਮਸ਼ਾਲ ਫੜ ਕੇ।
ਜੇ ਵਿਰਲਾਪ ਕਰੀਏ ਸਿੱਖੀ ਸਿਦਕ ਜਾਏ,
ਕਰੀਏ ਚੁੱਪ ਜਾਏ ਕਸ਼ਟ ਝੱਲਿਆ ਨਾ।
ਬਾਜਾਂ ਵਾਲਿਆ ਗੁਰੂ ! ਮਜਬੂਰ ਹੋ ਗਏ,
ਸਾਡਾ ਰੋਣ ਸਾਥੋਂ ਜਾਵੇ ਠੱਲ੍ਹਿਆ ਨਾ।

ਔਰੰਗਜ਼ੇਬ! ਤੂੰ ਭੀ ਵਲ ਸਿੱਖਣਾ ਸੀ,
ਇਸ ਮਹੰਤ ਤੋਂ ਜ਼ੁਲਮ ਕਮਾਉਣੇ ਦਾ।
ਅਹਿਮਦਸ਼ਾਹ ! ਤੈਨੂੰ ਚੱਜ ਨਹੀਂ ਆਇਆ,
ਕਤਲੇਆਮ ਇਸ ਤਰਾ ਕਰਾਉਣੇ ਦਾ।
ਹੋਇਆ ਹੈ ਜ਼ਾਲਮ ਨਾਦਰ! ਕਦੋਂ ਦਿਤਾ,
ਪਰ ਤੂੰ ਹੁਕਮ ਜ਼ਿੰਦਾ ਜਲਾਉਣੇ ਦਾ।
ਐ ਚੰਗੇਜ਼ ਖ਼ਾਂ !, ਤੈਨੂੰ ਭੀ ਪਤਾ ਨਾ ਸੀ,
ਬੰਦੇ ਭੱਠਿਆਂ ਹੇਠ ਡਹਾਉਣੇ ਦਾ।
ਫ਼ਰੁੱਖਸੀਅਰ ਜਦ ਸੁਣਿਆ ਤਾਂ ਨਰਕ ਵਿਚੋਂ,
ਇਕ ਚਿੱਠੀ ਮਹੰਤ ਨੂੰ ਉਸ ਪਾਈ।
ਕਰਨਾ ਭੁੱਲਿਆ ਸਿੱਖਾਂ ਦਾ ਮੈਂ ਕੀਮਾ,
ਮੇਰੀ ਵੱਲੋਂ ਪਹੁੰਚੇ ਤੈਨੂੰ ਬਹੁੰ ਵਧਾਈ"।

ਕਿਸ ਕਿਹਾ ਦਲੀਪ ਸਿੰਘ ਨੂੰ, "ਤੇਰੇ—
ਗੁਰੂ ਘਰ ਅੰਦਰ ਪਏ ਵੀਰ ਮਰਦੇ"।
"ਲਟਕਣ ਨਾਲ ਦਰਖ਼ਤਾਂ ਦੇ ਸਿੱਖ ਪੁੱਠੇ,
ਹੇਠੋਂ ਅੱਗ ਦੇ ਭਾਂਬੜ ਪਏ ਬਲਦੇ"।
ਸੁਣ ਕੇ ਸੂਰਮੇਂ ਨੇ ਅਰਦਾਸ ਸੋਧੀ,

ਮਿਲ ਕੇ ਸਭ ਜੱਥੇ ਵਾਲੇ ਕੂਚ ਕਰਦੇ।
ਵੇਖੇ ਇਸ਼ਕ ਦੇ ਚਾਟੜੇ ਆਣ ਪਹੁੰਚੇ,
ਘਰ ਕਾਤਲਾਂ ਦਾ ਲਭਦਿਆਂ ਲਭਦੇ।
ਮਾਰੇ ਗਏ ਰਲ ਕੇ, ਪੁੱਛਣ ਅਕਲ ਵਾਲੇ,
"ਕੀ ਏ ਫਾਇਦਾ ਇੰਞ ਮਰਜਾਉਣੇ ਦਾ ?"
ਉੱਤ੍ਰ ਏਸ ਦਾ ਪੁਛੋ ਪਤੰਗੇ ਕੋਲੋਂ,
"ਕੀ ਸਵਾਦ ਹੈ ਅੰਗ ਜਲਾਉਣੇ ਦਾ ?"
ਕਦੀ ਛੱਡ ਹੁਣ ਨੀਵੇਂ ਖਿਆਲ ਆਪਣੇ,
ਰੱਤਾ ਸੋਚ ਖਾਂ ਡੂੰਘੀ ਵਿਚਾਰ ਕਰਕੇ,
"ਕਿਉਂ ਸ਼ਹੀਦ ਹੋਏ ਬੇਗੁਨਾਹ ਇਤਨੇ—
ਤਰਾ ਤਰਾ ਦੇ ਕਸ਼ਟ ਸਹਾਰ ਕਰਕੇ"।
ਪਹਿਲੋਂ ਨਾਲ ਆਰੀ ਚੀਰੀ ਜਾਇ ਕੰਘੀ,
ਫੇਰ ਨਾਜ਼ ਕਰਦੀ ਜ਼ੁਲਫ਼ ਯਾਰ ਕਰ ਕੇ।
ਸਬਜ਼ਾ ਯਾਰ ਦੇ ਕੰਨਾਂ ਦੇ ਵ੍ਹਿਚ ਲਟਕੇ,
ਤਾਰ ਕੱਢੀਏ ਜਾਂ ਆਰ-ਪਾਰ ਕਰ ਕੇ।
ਅਸਲ ਵਿਚ ਦੁਨੀਆਂ ਦੇ ਬਾਜ਼ਾਰ ਅੰਦਰ,
ਸੌਦਾ ਹੈ, ਦੇ ਕੇ ਪੂਰਾ ਮੂਲ ਮਿਲਦਾ।
ਕੱਟੇ ਸੱਬਰ ਦੇ ਨਾਲ ਖ਼ਿਜ਼ਾਂ ਪਹਿਲੋਂ,
ਤਾਂ ਫਿਰ ਰੋਂਦੜੀ ਬੁਲਬੁਲ ਨੂੰ ਫੁੱਲ ਮਿਲਦਾ।
ਅੜੀਏ ਸਬਰ ਕਰ ਅੱਥਰੂ ਪੂੰਝ ਕੇ ਤੇ,
ਕਾਹਨੂੰ ਰੋਵਨੀਏਂ ਜ਼ਾਰੋ-ਜ਼ਾਰ ਬੁਲਬੁਲ !
ਸਮਝੇਂ ਬੁਰੀ ਕਿਉਂ ਓਸ ਖ਼ਿਜ਼ਾਂ ਤਾਈਂ,
ਜਿਸ ਦੇ ਬਾਅਦ ਔਣੀ ਏ ਬਹਾਰ ਬੁਲਬੁਲ !
ਰਹੀਓਂ ਇਸ਼ਕ ਅੰਦਰ ਸਾਬਤ ਕਦਮ ਜੇਕਰ—

ਕੰਡੇ ਬਣ ਜਾਸਣ ਗੁਲਜ਼ਾਰ ਬੁਲਬੁਲ !
ਬੁਲਬੁਲ ਰੋ ਨਾ ! ਤੇਰੀ ਪਰੀਖਿਆ ਨੂੰ,
ਫੁਲ ਕੰਡਿਆਂ ਦਾ ਰੂਪ ਧਾਰਦਾ ਏ।
ਤੜਫੇਂ ਵਿਚ ਫੁਰਕਤ ਜੇ ਤੂੰ, ਫੁੱਲ ਭੀ ਤੇ—
ਕੰਡਾ ਬਣ ਕੇ ਵਕਤ ਗੁਜ਼ਾਰਦਾ ਏ।

ਸਾਕਾ ਨਨਕਾਣਾ ਸਾਹਿਬ ਜੀ (੨)

ਕਿਸੇ ਕਿਹਾ ਪਤੰਗੇ ਨੂੰ "ਛੱਡ ਦੇਵੇ—
ਰਸਮ ਸ਼ਮ੍ਹਾ ਉਤੇ ਸੜ ਜਾਣ ਵਾਲੀ।
ਜੇੜ੍ਹਾ ਪਿਆਰ ਕਰਦਾ ਉਸਨੂੰ ਸਾੜ ਦੇਵੇ,
ਸ਼ਮ੍ਹਾ ਹੱਤਿਆਰੀ ਐਡੇ ਮਾਣ ਵਾਲੀ।"
ਅੱਗੋਂ ਕਿਹਾ ਪਤੰਗੇ ਨੇ "ਨਹੀਂ ਲੱਗੀ—
ਤੈਨੂੰ ਚੋਟ ਪਰੇਮ ਦੇ ਬਾਣ ਵਾਲੀ।
ਸਾਰੇ ਆਸ਼ਕਾਂ ਪਾਸ ਦੂਆ ਇੱਕੋ,
ਸਿਰ ਦੇਇਕੇ ਯਾਰ ਮਨਾਣ ਵਾਲੀ।"
ਸਾਨੂੰ ਸੱਤਿਆਂ ਨੂੰ ਮੱਤੀ ਦੇਵਨਾ ਏਂ,
ਰਤਾ ਸੋਚ ਖਾਂ ਨੀਵਾਂ ਧਿਆਨ ਪਾ ਕੇ।
"ਲਛਮਣ ਸਿੰਘ ਨੇ ਯਾਰ ਦੀ ਖ਼ੁਸ਼ੀ ਪਿੱਛੇ,
ਕੀਤਾ ਕੀ ਨਨਕਾਣੇ ਦੇ ਵਿਚ ਜਾ ਕੇ ?"

ਸੁਣਦੇ ਰਹੇ ਕਿ "ਸੀ" ਨਾ ਸੀ ਕੀਤੀ,
ਮੱਤੀਦਾਸ ਤੇ ਜਾਂ ਆਰਾ ਚੱਲਿਆ ਸੀ।
ਤਾਰੂ ਸਿੰਘ ਜੀ ਨੇ ਸ਼ੁਕਰ ਸ਼ੁਕਰ ਕਰਕੇ,
ਸੀਸ ਅੱਖੀਆਂ ਤੇ ਭਾਣਾ ਝੱਲਿਆ ਸੀ।
ਸੁਣਦੇ ਰਹੇ ਕਈਆਂ ਚੜ੍ਹ ਚੜ੍ਹ ਚਰਖੀ,

ਇਹ ਕਵਿਤਾ ਉਸ ਭਾਰੀ ਦੀਵਾਨ ਅੰਦਰ, ਜੋ ਕਿ ਸ਼ਹੀਦਾਂ ਦੀ ਯਾਦ ਵਿਚ ਨਨਕਾਣਾ ਸਾਹਿਬ ਪਹਿਲੀ ਵਾਰ ਉਚੇਚਾ ਕੀਤਾ ਗਿਆ ਸੀ, ਕੌਮ ਦੇ ਮਹਾਨ ਇਕੱਠ ਦੇ ਸਾਮ੍ਹਣੇ ਪੜ੍ਹੀ ਗਈ ਸੀ।

ਵਧ ਕੇ ਪਿੜ ਸ਼ਹੀਦੀ ਦਾ ਮੱਲਿਆ ਸੀ।
ਮਨੀ ਸਿੰਘ ਨੇ ਬੰਦਾਂ ਦੇ ਜੋੜ ਲਾ ਕੇ,
ਡੁਬਦੇ ਹਿੰਦ ਦੇ ਬੇੜੇ ਨੂੰ ਠੱਲ੍ਹਿਆ ਸੀ।
ਸੁਣਦੇ ਰਹੇ ਪਿਛਲੇ ਸਾਰੇ ਕਾਰਨਾਮੇਂ,
ਆਪਣੇ ਸਿਦਕੀ ਵੀਰਾਂ ਦੇ ਅੱਜ ਤੀਕਰ।
ਸੁਣੀ ਜਾਉਂਦੀ ਨਾ ਐਪਰ ਕੀ ਕਰੀਏ,
ਬੀਤੀ ਅੱਜ ਨਨਕਾਣੇ ਦੇ ਵਿੱਚ ਜੀਕਰ।

ਐ ਨਨਕਾਣੇ ਦੇ ਵਾਸੀਓ, ਸੱਚ ਦੱਸੋ,
ਅਸੀਂ ਪੁੱਛਿਆ ਅੱਡ ਕੇ ਝੋਲੀਆਂ ਨੇ।
ਕਿੱਥੇ ਖੜੇ ਹੋ ਕੇ ਜੀ ਦਲੀਪ ਸਿੰਘ ਜੀ,
ਸਾਡੇ ਵਾਸਤੇ ਖਾਧੀਆਂ ਗੋਲੀਆਂ ਨੇ ?
ਲਛਮਣ ਸਿੰਘ ਸੜਿਆ ਕਿੱਥੇ, ਧਰਮ ਪਿਛੇ,
ਕਿੱਥੇ ਖਾਲਸੇ ਨੇ ਜਿੰਦਾਂ ਘੋਲੀਆਂ ਨੇ ?
ਸਮਝ ਸ੍ਰਿੱਖਾਂ ਦਾ ਲਹੂ ਗੁਲਾਲ ਕਿੱਥੇ,
ਇਸ ਮਹੰਤ ਨੇ ਖੇਲ੍ਹੀਆਂ ਹੋਲੀਆਂ ਨੇ ?
ਸਦਾ ਵਾਸਤੇ ਰੁੱਸ ਜੋ ਗਏ ਸਾਥੋਂ,
ਅਸੀਂ ਉਨ੍ਹਾਂ ਦੀ ਯਾਦ ਮਨਾਣ ਆਏ।
ਸਿੱਖ ਆਪਣੇ ਮੱਕੇ ਦੇ ਵਿੱਚ ਜਾ ਕੇ,
ਅੱਜ ਕਰਬਲਾ ਨਵੀਂ ਬਨਾਣ ਆਏ।

ਹੈ ਕਾਇਦਾ ਸੁਬ੍ਹਾ ਸਵੇਰ ਵੇਲੇ,
ਸਾਰੇ ਵਾਹਿਗੁਰੂ ਦਾ ਧੰਨਵਾਦ ਕਰਦੇ।
ਸਿੱਖ ਲਾਇਕੇ ਆਸਾ ਦੀ ਵਾਰ ਓਦੋਂ,
ਸਿਰਜਨਹਾਰ ਜੀ ਦੇ ਯੱਸ਼ ਯਾਦ ਕਰਦੇ।
ਦਸ ਫੱਗਣ ਦੀ ਸੁਬ੍ਹਾ ਨੂੰ ਨਨਕਾਣੇ,

ਕਾਤਲ ਕੱਠਾ ਬਰੂਦ ਫੁਲਾਦ ਕਰਦੇ।
ਸਿੱਖਾਂ ਦੀ ਬਕਰੀਦ ਮਨਾਣ ਖ਼ਾਤਰ,
ਛੁਰੀਆਂ ਤੇ ਚਾਕੂ ਤੇਜ਼ ਜੱਲਾਦ ਕਰਦੇ।
ਆਈ ਕਹਰ ਦੀ ਘੜੀ ਤੇ ਘੜੀ ਅੰਦਰ,
ਦੋ ਸੌ ਸਿਦਕੀਆਂ ਸਿੰਘਾਂ ਦੇ ਢੇਰ ਲੱਗੇ।
ਸਾੜੇ ਸਿਸਕਦੇ ਹੀ ਪਾ ਕੇ ਤੇਲ ਕਿਉਂਕਿ—
'ਚੰਗੀ ਤਰ੍ਹਾਂ ਮਾਰਨ ਅੰਦਰ ਢੇਰ ਲੱਗੇ।'

ਲੋਕ ਕਹਿਣ ਨਾਨਕ ਗੁਰੂ ਦੀ ਨਗਰੀ—
ਅੰਦਰ ਗਏ ਐਨੇਂ ਓਹਦੇ ਸਿੱਖ ਮਾਰੇ।
ਨਹੀਂ ! ਨਹੀਂ !' ਓਹ ਤਾਂ ਸਗੋਂ ਅਮਰ ਹੋ ਗਏ,
ਛੱਡ ਗਏ ਸਾਨੂੰ ਮੰਦੇ ਹਾਲ ਸਾਰੇ।
ਪਏ ਵੱਜਦੇ ਨੇ ਸੱਚਖੰਡ ਅੰਦਰ,
ਸਤ ਸਿਰੀ ਅਕਾਲ ਦੇ ਜੈਕਾਰੇ।
ਓਸੇ ਰਾਤ ਤੋਂ ਹੈਨ, ਆਕਾਸ਼ ਅੰਦਰ,
ਹੁਣ ਨਿਕਲਦੇ ਦੋ ਸੌ ਵੱਧ ਤਾਰੇ।
ਜਦ ਤੀਕ ਹੈ ਸਿੱਖਾਂ ਦੀ ਕੌਮ ਕਾਇਮ,
ਜਦੋਂ ਤੀਕ ਭੀ ਹੈ ਸਿਰਜਨਹਾਰ ਕਾਇਮ।
ਤਦੋਂ ਤੀਕ ਰਹਿਸੀ ਲਛਮਣ ਸਿੰਘ ਜੀ ਦੇ,
ਸਿਖੀ ਸਿਦਕੀ ਦੀ ਯਾਦਗਾਰ ਕਾਇਮ।

ਨਿਤਰ ਔਣ ਜੇਹੜੇ ਭੀੜੇ ਸਮੇਂ ਅੰਦਰ,
ਜਾਨ ਆਪਣੀ ਤੇ ਖੇਡ ਜਾਣ ਵਾਲੇ।
ਧਰਮ ਲਈ ਜੋ ਮੌਤ ਨੂੰ ਖੇਲ੍ਹ ਸਮਝਣ,
ਬਾਜਾਂ ਵਾਲੇ ਦੀ ਜੋ ਆਨ ਬਾਨ ਵਾਲੇ।
ਓਹ ਖਿਲਾੜੀ ਕਿ ਜੋ ਚੌਖਟ ਪ੍ਰੇਮ ਦੀ ਤੇ,

ਸਿਰਾਂ ਧੜਾਂ ਵਾਲੀ ਬਾਜ਼ੀ ਲਾਣ ਵਾਲੇ।
ਐਸੇ ਮਰਦ ਜੋ ਤੇਗਾਂ ਦੀ ਛਾਂ ਹੇਠਾਂ,
ਹੱਥ ਜੋੜ ਕੇ ਸ਼ੁਕਰ ਮਨਾਣ ਵਾਲੇ।
ਅੱਗੇ ਓਹ ਆਵਣ ਲਛਮਣ ਸਿੰਘ ਵਾਂਗਰ,
ਮਚਦੀ ਮਾਰ ਜੋ ਕਾਤਲ ਨੂੰ ਵੀਰ ਸਮਝਣ।
ਮਿੱਠਾ ਕਰਕੇ ਭਾਣੇ ਨੂੰ ਇਉਂ ਮੰਨਣ,
ਖਾਵਣ ਜ਼ੈਹਰ ਤੇ ਦੁੱਧ ਦੀ ਖੀਰ ਸਮਝਣ।

ਗੁਰੂ ਤੇਗ ਬਹਾਦਰ ਤੇ ਗੁਰੂ ਅਰਜਨ,
ਪਿੱਛੇ ਧਰਮ ਦੇ ਸੀਸ ਲਗਾਣ ਵਾਲੇ।
ਸਾਹਿਬ ਫਤਹ ਸਿੰਘ ਤੇ ਜ਼ੋਰਾਵਰ ਸਿੰਘ ਜੀ,
ਵਿਚ ਨੀਹਾਂ ਦੇ ਆਪ ਚੁਨਾਣ ਵਾਲੇ।
ਲਛਮਣ ਸਿੰਘ ਸੜ ਕੇ ਜ਼ਿੰਦਾ, ਕੌਮ ਤਾਂਈਂ,
ਰੌਸ਼ਨ ਚੰਦ ਦੇ ਵਾਂਗ ਕਰਾਣ ਵਾਲੇ।
ਛਾਤੀ ਆਪਣੀ ਉਤੇ ਦਲੀਪ ਸਿੰਘ ਜੀ,
ਝੱਗਾ ਪਾੜ ਕੇ ਤੇ ਗੋਲੀ ਖਾਣ ਵਾਲੇ।
ਸਾਨੂੰ ਦੱਸ ਜਾਣਾ ਇਕ ਵਾਰ ਆ ਕੇ,
ਸ਼ਾਂਤਮਈ ਰਹਿ ਕੇ ਮਰਨ ਦਾ ਰਸਤਾ।
ਦੇ ਕੇ ਸੀਸ ਸ਼ਹੀਦੀ ਦੀ ਦਾਤ ਬਦਲੇ,

ਕਿਵੇਂ ਕਹੀਦਾ ਏ "ਸੌਦਾ ਬੜਾ ਸਸਤਾ"।
ਬੀਰ ! ਕੌਮ ਤੇ ਦੁੱਖਾਂ ਦੀ ਘਟਾ ਛਾਈ,
ਸੁਖਾਂ ਵਿਚ ਨਾ ਸਮਾਂ ਗੁਜ਼ਾਰਦਾ ਜਾ।
ਸਿਰ ਸੁੱਟ ਕੇ ਜ਼ਾਲਮਾਂ ਦੀਆਂ ਚੋਟਾਂ,
ਨਾਹੀਂ ਕਾਇਰਾਂ ਵਾਂਗ ਸਹਾਰਦਾ ਜਾ।
ਹੋਵੇ ਧਰਮ ਆਜ਼ਾਦ ਜੇ ਕੈਦ ਬਦਲੇ,

ਜੇਲ੍ਹ ਵਿੱਚ ਜਾ ਪਰ ਲਲਕਾਰਦਾ ਜਾ।
ਛਾਤੀ ਤਾਣ ਕੇ ਮੌਤ ਦੇ ਮੂੰਹ ਅੰਦਰ,
ਧਰਮ ਰੱਖਿਆ ਨੂੰ ਛਾਲਾਂ ਮਾਰਦਾ ਜਾ।
ਘਿਰੀ ਕੌਮ ਤੇਰੀ ਬਿਪਤਾ ਵਿਚ ਸਾਰੀ,
"ਬੀਰ" ਅੱਜ ਕੋਈ ਪਹਿਲੀ ਵਾਰ ਨਾਹੀਂ।
ਅਸੀਂ ਆਪਣੇ ਬਜ਼ੁਰਗਾਂ ਦੇ ਵਾਂਗ ਹੁਣ ਭੀ,
ਦੇਣਾ ਸਿਰ ਪਰ ਮੰਨਣੀ ਹਾਰ ਨਾਹੀਂ।

ਜਿਨੂੰ ਪ੍ਰੇਮ ਦੇ ਖੇਲਣ ਦਾ ਚਾਉ ਆਵੇ

"ਜਿਨੂੰ ਪ੍ਰੇਮ ਦੇ ਖੇਲਣ ਦਾ ਚਾਉ ਆਵੇ"
"ਆਵੇ ਸੀਸ ਧਰ ਆਪਣੀ ਤਲੀ ਉਤੇ"
ਜ਼ਾਲਮ ਜ਼ੁਲਮ ਕਰੀਂ ਜ਼ਰਾ ਸੋਚ ਕੇ ਤੇ,
ਐਵੇਂ ਆਈਂ ਨਾਹੀਂ ਫੋਕੇ ਜੋਸ਼ ਅੰਦਰ।

ਭੁਲ੍ਹੇ ਬੇਰਾਂ ਦਾ ਕੁਝ ਨਾ ਵਿਗੜਿਆ ਏ,
ਆ ਸਕਨੈ ਅਜੇ ਭੀ ਹੋਸ਼ ਅੰਦਰ।
ਢੱਕੀ ਰਹਿਣ ਦੇ ਜ਼ੁਲਮ ਦੀ ਤੌਣ ਪੱਕੀ,
ਬੇਈਮਾਨੀ ਦੇ ਯਾਰ ! ਸਰਪੋਸ਼ ਅੰਦਰ।

ਮੱਖੀ ਵਾਂਗ ਨਹੀਂ ਤਾਂ ਪਿੱਛੋਂ ਹੱਥ ਮਲਸੈਂ,
ਸਮਝੀਂ ਨਾ ਸਾਨੂੰ ਫੇਰ ਦੋਸ਼ ਅੰਦਰ।
ਮੇਰੀ ਗੱਲ ਰੱਖੀਂ ਯਾਦ ! ਸ਼ਮ੍ਹਾਂ ਵਾਂਗੂੰ,
ਸਭ ਮਰੇਂਗਾ ਸਿੱਖਾਂ ਨੂੰ ਅੱਗ ਲਾ ਕੇ।

ਤੈਥੋਂ ਵੱਧ ਜ਼ਾਲਮ ਕਈ ਵਾਰ ਸਿੱਧੇ,
ਇਨ੍ਹਾਂ ਕੀਤੇ ਦਰਖ਼ਤਾਂ ਦੀ ਛਿੱਲ ਖਾ ਕੇ।
ਨਾਲ ਵਤਨ ਦੇ ਤੋੜ ਵਿਛੋੜ ਕਰ ਕੇ,
ਤੇਰੇ ਨਾਲ ਹਾਂ ਅੱਖੀਆਂ ਲਾ ਭੁੱਲੇ।

ਵਿਚ ਗ਼ਦਰ ਦੇ ਵੀਰ ਤਿਲੰਗਿਆਂ ਦੇ,
ਅਸੀਂ ਖ਼ੂਨ ਦੀ ਨਦੀ ਵਗਾ ਭੁੱਲੇ।
ਤੇਰੀ ਖ਼ੁਸ਼ੀ ਪਿਛੇ ਸਾਰਾਗੜ੍ਹੀ ਅੰਦਰ,
ਅਸੀਂ ਪੁੱਠੀਆਂ ਖੱਲਾਂ ਲੁਹਾ ਭੁੱਲੇ।

ਇਹ ਤਾਂ ਹਾਲ ਪਿਛਲੇ, ਏਸ ਜੰਗ ਅੰਦਰ,
ਜਾਨਾਂ ਪਾਗਲਾਂ ਵਾਂਗ ਗਵਾ ਭੁੱਲੇ।
ਤੋਤੇ ਚਸ਼ਮ ! ਜੇਕਰ ਸਾਨੂੰ ਪਤਾ ਹੁੰਦਾ,
ਪਿੱਛੋਂ ਨਿਕਲਣੀ ਇਹ ਕਰਤੂਤ ਤੇਰੀ।

ਹਥੀਂ ਡੋਲ੍ਹ ਕੇ ਆਪਣਾ ਲਹੂ ਕਾਹਨੂੰ,
ਕਰਦੇ ਜ਼ੁਲਮ ਦੀ ਜੜ੍ਹ ਮਜ਼ਬੂਤ ਤੇਰੀ।
ਪਿਆ ਵੇਖ ਕੇ ਜ਼ਿਮੀਂ ਅਸਮਾਨ ਕੰਬੇ,
ਜ਼ਾਲਮ ਜ਼ੁਲਮ ਦੇ ਕਰਨ ਥੀਂ ਨਾਂਹ ਸੰਗੇ।

ਖ਼ਬਰੇ ਏਸ ਰਹਿਣਾ ਸਦਾ ! ਪਿਆ ਜੇਹੜਾ,
ਬੇ-ਗੁਨਾਹਾਂ ਦੇ ਖ਼ੂਨ ਥੀਂ ਹੱਥ ਰੰਗੇ।
ਮਖ਼ਮਲੀ ਸੇਜਾਂ ਉਤੇ ਸੌਣ ਵਾਲੇ,
ਸੁਖ ਭੋਗਦੇ ਸੀ ਜੇਹੜੇ ਮੂੰਹ ਮੰਗੇ।

ਖੜਕ ਸਿੰਘ ਵਰਗੇ ਜੱਥੇਦਾਰ ਬੁੱਢੇ,
ਪਾਲੇ ਠੁਰਕਦੇ ਨੇ ਜੇਲ੍ਹ ਵਿਚ ਨੰਗੇ।
ਤੋਤੇ ਚਸ਼ਮ ! ਜੇਕਰ ਸਾਨੂੰ ਪਤਾ ਹੁੰਦਾ,
ਪਿਛੋਂ ਨਿਕਲਣੀ ਇਹ ਕਰਤੂਤ ਤੇਰੀ।

ਹੱਥੀਂ ਡੋਲ੍ਹ ਕੇ ਆਪਣਾ ਲਹੂ ਕਾਹਨੂੰ,
ਕਰਦੇ ਜ਼ੁਲਮ ਦੀ ਜੜ੍ਹ ਮਜ਼ਬੂਤ ਤੇਰੀ।
ਕੰਮ ਸੋਚਣੇ ਦੀ ਹੱਦ ਟੱਪ ਆਏ,
ਐਵੇਂ ਮੱਤੜੀਂ ਦੇਹ ਨਾ ਯਾਰ ਅੜਿਆ !

ਤੇਰੇ ਪਾਣੀ ਦੇ ਛਿੜਕਿਆਂ ਅੱਗ ਭੜਕੇ,
ਸਾਡਾ ਦੁੱਖੜਾ ਤੇਲ ਦੇ ਵਾਂਗ ਕੜ੍ਹਿਆ।
ਕਹਿ ਦੇ ਹੋਣੀ ਨੂੰ, "ਜੇ ਸਾਡੇ ਸਾੜਨੇ ਨੂੰ,
ਓਨੇ ਜ਼ੁਲਮ ਮੁਵਾਤੜਾ ਹੱਥ ਫੜਿਆ।

ਬਾਜਾਂ ਵਾਲੜੇ ਗੁਰੂ ਦੇ ਦਰ ਉਤੇ,
ਸਾਨੂੰ ਭੀ ਹੈ ਮਰਨ ਦਾ ਚਾਉ ਚੜ੍ਹਿਆ।"
ਜਿਨ੍ਹਾਂ ਲੱਗੀਆਂ ਬਰਛੀਆਂ ਗੁੱਝੀਆਂ ਨੀ,
ਦਾਰੂ ਕਰਨ ਰਾਜ਼ੀ ਨਾ ਤਬੀਬ ਵਾਲੇ।

ਜਿਨ੍ਹਾਂ ਯਾਰ ਪਿੱਛੇ ਮੌਤ ਖੇਲ੍ਹ ਸਮਝੀ,
ਉਹ ਕੀ ਜਾਣਦੇ ਖ਼ੌਫ਼ 'ਸਲੀਬ' ਵਾਲੇ।
ਐ ਸਮੇਂ ਦੇ ਹਾਕਮਾਂ ! ਮਾਣ ਨਾ ਕਰ,
ਕਦੇ ਅਸੀਂ ਵੀ ਸੀ ਆਪਣੇ ਰਾਜ ਵਾਲੇ।

ਉੱਚੀ ਸ਼ਾਨ ਵਾਲੇ ਆਨ-ਬਾਨ ਵਾਲੇ,
ਤੇਜ਼ ਬਖ਼ਤ ਵਾਲੇ ਤਖ਼ਤ ਤਾਜ ਵਾਲੇ।
ਤੈਥੋਂ ਵਧ ਸੀ ਸਿਰ ਮਗਰੂਰ ਸਾਡਾ,
ਲੋਕੀ ਆਖਦੇ ਸੀ ਸਾਨੂੰ ਲਾਜ ਵਾਲੇ।

ਅਸੀਂ ਧਨੀ ਤਲਵਾਰ ਦੇ ਰੱਜ ਕੇ ਸਾਂ,
ਸਖੀ, ਮਰਦ ਸੱਚੇ ਕੰਮ- ਕਾਜ ਵਾਲੇ।
ਸਾਡਾ ਨਾਮ ਲੈ ਮਾਈਆਂ ਡਰੌਣ ਬੱਚੇ,
ਐਸਾ ਰੋਅਬ ਸੀ ਵਿੱਚ ਸੰਸਾਰ ਬੈਠਾ।

ਅਸੀਂ ਓਹੀ ਹਾਂ ਜਿਨ੍ਹਾਂ ਦੀ ਧਾਂਕ ਸੁਣ ਕੇ,
ਥਰ ਥਰ ਕੰਬਦਾ ਸੈਂ ਸਤਲੁਜ ਪਾਰ ਬੈਠਾ।
ਸਮਝੀਂ ਨਾ ! ਡਿਗੇ ਸਾਡੇ ਹੌਂਸਲੇ ਭੀ,
ਡਿਗ ਪਈ ਹੱਥੋਂ ਤਲਵਾਰ ਜੇਕਰ।

ਹੁਣ ਭੀ ਮਰ ਮਿਟਾਂਗੇ ਬੱਧੇ ਸ਼ੇਰ ਵਾਂਗੂੰ,
ਕਰ ਸਕਦੇ ਨਾ ਅੱਗੋਂ ਵਾਰ ਜੇਕਰ।
ਓਹੀ ਖ਼ੂਨ ਹੈ ਖ਼ੂਨ ਦਾ ਜੋਸ਼ ਓਹੀ,
ਹੋਇਆ ਕੀ ਭਾਗਾਂ ਦਿੱਤੀ ਹਾਰ ਜੇਕਰ।

ਸਦਾ ਮੌਸਮ ਖ਼ਿਜ਼ਾਂ ਭੀ ਨਾ ਰਹਿਸੀ,
ਰਹੀ ਏਹ ਸਾਡੀ ਨਾ ਬਹਾਰ ਜੇਕਰ।
'ਝੂਠੀ ਮਾਯਾ' ਤੂੰ, ਜਿਸ ਤੇ ਮਾਣ ਕਰਨੈਂ,
ਕਦੀ ਕਿਸੇ ਦੇ ਨਾਲ ਨਾ ਨੇਹੁੰ ਪਾਲੀ।
ਟਿੰਡਾਂ ਖੂਹ ਦੀਆਂ ਦੇ ਵਾਂਗ ਦਗਾ ਦੇਂਦੀ,
ਕਦੀ ਹੋਣ ਭਰੀਆਂ ਕਦੀ ਹੋਣ ਖ਼ਾਲੀ।

ਬਾਜਾਂ ਵਾਲੜੇ ਜੀ

ਬਾਜਾਂ ਵਾਲੜੇ ਜੀ ਤੇਰੇ ਘਰ ਆ ਕੇ,
ਮਿਲਦਾ ਪਿਆਰ ਜੇਕਰ ਪੈਂਦੀ ਮਾਰ ਵੀ ਏ।
ਇਕ ਤਰਫ ਜੇ ਨਾਮ ਦੀ ਦਾਤ ਮਿਲਦੀ,
ਦੂਜੀ ਤਰਫ ਤਲਵਾਰ ਦੀ ਧਾਰ ਵੀ ਏ।

ਇਕ ਤਰਫ ਜੇਕਰ ਝੁੱਗਾ ਚੌੜ ਹੁੰਦਾ,
ਦੂਜੀ ਤਰਫ ਹੁੰਦਾ ਬੇੜਾ ਪਾਰ ਵੀ ਏ।
ਏਥੇ ਜਿੱਤ ਵੀ ਏ, ਬਾਬਾ ! ਹਾਰ ਵੀ ਏ,
ਏਥੇ ਫੁੱਲ ਵੀ ਏ ਨਾਲੇ ਖਾਰ ਵੀ ਏ।

ਪਾਰੇ ਵਾਂਗ ਥਰ ਥਰ "ਬੀਰ" ਕੰਬਦਾ ਏ,
ਲਿਖਿਆ ਦੇਖ ਕੇ ਤੇਰੀ ਗਲੀ ਉਤੇ—
"ਜਿਨੂੰ ਪ੍ਰੇਮ ਦੇ ਖੇਲਣ ਦਾ ਚਾਉ ਆਵੇ,
ਆਵੇ ਸੀਸ ਧਰ ਆਪਣੀ ਤਲੀ ਉਤੇ"।

ਬਾਜਾਂ ਵਾਲੇ ਜੀ ਤੇਰਾ ਪਿਆਰ ਭਰਿਆ,
ਹੈ-ਮੁਸੀਬਤਾਂ ਵਿੱਚ ਭੀ ਕੁਟ ਕੇ ਤੇ।
ਧੱਪਾ ਮਾਰ ਡੇਗੇਂ, ਠਾਵੇਂ ਫੇਰ ਮਗਰੋਂ,
ਚੁੱਕ ਝਾੜ ਲਾਵੇਂ ਗਲੇ ਘੁੱਟ ਕੇ ਤੇ।

ਪਿੱਛੋਂ ਗੇਂਦ ਵਾਂਗਰ ਆਪੇ ਝੋਪ ਲੈਂਦਾ,
ਪਹਿਲੋਂ ਤਾੜ ਜ਼ਮੀਨ ਤੇ ਸੁੱਟ ਕੇ ਤੇ।

ਪਿੱਛੋਂ ਉੱਜੜੇ ਘਰ ਆਬਾਦ ਕਰਦਾ,
ਪਹਿਲੋਂ ਵਸਦਿਆਂ ਘਰਾਂ ਨੂੰ ਪੁੱਟ ਕੇ ਤੇ।

ਜਿਸ ਨੂੰ ਰੋੜ੍ਹਨਾ ਏਂ ਪਹਿਲੋਂ ਦੇਏਂ ਧੱਕਾ,
ਆਖ਼ਰ ਛੱਡਦਾ ਹੈਂ ਉਹਨੂੰ ਪਾਰ ਕਰਕੇ।
ਅਜਬ ਦੇਖਦਾ ਗਿਆ ਮੈਂ ਮੌਜ ਤੇਰੀ,
ਜਿਉਂ ਜਿਉਂ ਤੱਕਿਆ ਡੂੰਘਾ ਵਿਚਾਰ ਕਰ ਕੇ।

ਬਾਜਾਂ ਵਾਲੇ ਜੀ ਤੇਰੇ ਸਕੂਲ ਅੰਦਰ,
ਲੋਕੀ ਕੈਹਣ 'ਕਿ ਲੱਗਦੀ ਫੀਸ ਕੋਈ ਨਾ'।
ਹੋਯਾ ਇਸੇ ਖ਼ਿਆਲ ਤੋਂ ਮੈਂ ਦਾਖ਼ਲ,
ਦੇਣੇ ਪੈਣਗੇ ਬੀਸ ਕੇ ਤੀਸ ਕੋਈ ਨਾ।

ਜਾ ਕੇ ਵਿਚ ਜਮਾਤ ਦੇ ਦੇਖਿਆ ਕਿ
ਪੜ੍ਹਨ ਵਾਲਿਆਂ ਦੇ ਧੜੀਂ ਸੀਸ ਕੋਈ ਨਾ।
ਤੜਫ ਰਹੇ ਲਾਸ਼ੇ ਐਸੇ, ਮੁੱਰਗ ਮਿਸਮਲ,
ਕਰ ਸਕਦਾ ਜਿਨ੍ਹਾਂ ਦੀ ਰੀਸ ਕੋਈ ਨਾ।

"ਏਥੇ ਲਾਜ਼ਮੀਂ ਸੀਸ ਦੀ ਫੀਸ ਦੇਣੀ,"
ਇਕ ਲਾਸ਼ ਨੇ ਕਿਹਾ ਪੁਕਾਰ ਮੈਨੂੰ।
"ਸੀਸ ਫੀਸ ਦੇ "ਬੀਰ" ਅਸੀਸ ਦੇਵੀਂ"
ਸ਼ਬਕ ਤਾਂ ਮਿਲਸੀ ਦੂਜੀ ਵਾਰ ਤੈਨੂੰ।

ਦੁਨੀਆਂ ਵਿਚ ਐ ਸ਼ੇਰਾਂ ਦੀ ਕੌਮ

"ਦੁਨੀਆਂ ਵਿਚ ਐ ਸ਼ੇਰਾਂ ਦੀ ਕੌਮ ! ਤੇਰੀ"
"ਚੜ੍ਹਦੀ ਕਲਾ ਰਹੇ, ਰਹੇ ਬੋਲ ਬਾਲਾ"
ਦੁਨੀਆਂ ! ਵੇਖਿਆ ਈ ਇਮਤਿਹਾਨ ਅੰਦਰ,
ਕਿਵੇਂ ਨਿਕਲਦੇ ਨੇ ਸ਼ੇਰ ਮਰਦ ਪੂਰੇ ?

ਕਿਵੇਂ ਨਾਲ ਮੁਸੀਬਤਾਂ ਲੜ ਲੜ ਕੇ,
ਫ਼ਤਹਯਾਦ ਹੁੰਦੇ ਅੰਤ ਨੂੰ ਸੂਰੇ ?
ਕਿਹਾ ਮੋੜ ਕੇ ਕੁਲ੍ਹ ਸਿਆਣਿਆਂ ਦਾ,
ਔਲਾ ਖਾਇਕੇ ਪਈ ਸਰਕਾਰ ਝੂਰੇ !

ਪਹਿਲੋਂ ਵਾਂਗ ਫੌਲਾਦ ਨਾ ਲਿਸ਼ਕਦੀ ਜੇ,
ਪਿੱਛੋਂ ਵਾਂਗ ਸ਼ੀਸ਼ੇ ਹੋਣਾ ਸੀ ਚੂਰੇ !
ਦੁਨੀਆਂ ਵਿਚ ਐ ਸ਼ੇਰਾਂ ਦੀ ਕੌਮ ! ਤੇਰੀ,
ਚੜ੍ਹਦੀ ਕਲਾ ਰਹੇ, ਰਹੇ ਬੋਲ ਬਾਲਾ !

ਜੇੜ੍ਹਾ ਅੜੇ ਸੋ ਝੜੇ ਖ਼ੁਆਰ ਹੋ ਕੇ,
ਤੇਰੇ ਦੂਤੀਆਂ ਦਾ ਰਹੇ ਮੂੰਹ ਕਾਲਾ !
ਦੁਨੀਆਂ ! ਵੇਖ ਲੈ ਸਿੱਖਾਂ ਨੂੰ ਵਲ ਆਵੇ,
ਜਿਥੇ ਮਾਰਨੇ ਦਾ, ਓਥੇ ਮਰਨ ਦਾ ਭੀ।

ਇਹ ਕਵਿਤਾ ਕੁੰਜੀਆਂ ਸੰਬੰਧੀ ਫਤਹ ਮਗਰੋਂ ਅਕਾਲੀਆਂ ਦੇ ਬਾਗ ਵਿਚ ਸ਼੍ਰੋਮਣੀ ਕਮੇਟੀ ਵਲੋਂ ਸਜੇ ਦੀਵਾਨ ਅੰਦਰ ਪੜ੍ਹੀ ਗਈ।

ਜੇਕਰ ਸੂਰਮੇਂ ਵਾਂਗ ਤਲਵਾਰ ਮਾਰਨ,
ਸੰਤਾਂ ਵਾਂਗ ਜਾਨਣ ਵੱਲ ਜਰਨ ਦਾ ਭੀ।
ਮੂੰਹ ਦੇ ਇਕ ਪਾਸੇ ਤੇ ਚਪੇੜ ਖਾ ਕੇ,
ਜਾਨਣ ਵੱਲ ਦੂਜਾ ਅਗੇ ਕਰਨ ਦਾ ਭੀ।

ਨਾਲੇ ਵੱਲ ਜਾਨਣ ਦੀਪ ਸਿੰਘ ਵਾਂਗਰ,
ਸਿਰ ਤਲੀ ਤੇ ਰੱਖ ਕੇ ਲੜਨ ਦਾ ਭੀ।
ਅੰਮ੍ਰਿਤ ਦੀ ਸ਼ਕਤੀ ਪਈ ਜ਼ਾਹਿਰ ਹੋਵੇ,
ਜੇਕਰ ਇਕ ਪਾਸੇ—ਬੀਰ-ਰਸ ਅੰਦਰ।

ਦੂਜੀ ਤਰਫ ਹੋਵੇ ਜ਼ਾਹਿਰ ਸਬਰ ਅੰਦਰ,
ਇਸਤਕਲਾਲ ਅੰਦਰ, ਹਰੀ ਜਸ ਅੰਦਰ।
ਵਾਪਸ ਕੁੰਜੀਆਂ ਦਾ ਦੇਣਾ ਖਾਲਸਾ ਜੀ !
ਸ਼ਾਹੀ, ਨੌਕਰਾਂ ਦੀ ਇਕ ਚਾਲ ਹੀ ਏ !

ਕੌਮ ਸ਼ੇਰਾਂ ਦੀ ਨੂੰ ਵਸ਼ ਕਰਨ ਖ਼ਾਤਰ,
ਇਹ ਭੀ ਨਵਾਂ ਵਿਛਿਆ ਇਕ ਜਾਲ ਹੀ ਏ !
ਜਿਸ ਤੋਂ ਕੰਮ ਲੈਣਾ ਹੋਵੇ ਕਹਿਣ ਉਸਨੂੰ,
"ਘਰ ਬਾਰ ਸਾਡਾ ਤੇਰਾ ਮਾਲ ਹੀ ਏ !"

ਪਿਛਲੇ ਕੀਤੇ ਸਲੂਕ ਭੁਲਾਇਕੇ ਤੇ,
ਇਨ੍ਹਾਂ ਝਾਂਸਿਆਂ ਵਿੱਚ ਨਾ ਆ ਜਾਣਾ !
ਕਿਤੇ ਨਾ ਸਤਵੰਜਾ ਦੇ ਗਦਰ ਵਾਂਗਰ,
ਮੱਥੇ ਆਪਣੇ ਫੇਰ ਕਲੰਕ ਲਾਣਾ।

ਬਾਜਾਂ ਵਾਲੜੇ ਜੀ ਤੇਰਾ ਨਾਮ ਲੈ ਕੇ,
ਅਸੀਂ ਨਿਕਲ ਆਏ ਹਾਂ ਮੈਦਾਨ ਅੰਦਰ।
ਅੰਗ ਸੰਗ ਹੋ ਕਰੀਂ ਸਹਾਇਤਾ ਤੂੰ,
ਆਪਣੇ ਬੱਚਿਆਂ ਦੀ ਇਮਤਿਹਾਨ ਅੰਦਰ।

ਭਾਵੇਂ ਮਰ ਮਿਟੀਏ ਸਾਰੇ, ਰਹੇ ਕੋਈ—
ਨਾਮ ਲੈਣ ਜੋਗਾ ਨਾ ਜਹਾਨ ਅੰਦਰ।
ਫਰਕ ਵਾਲ ਜਿੰਨਾਂ ਪਰ ਨਾ ਔਣ ਦੇਈਏ,
ਤੇਰੀ ਸਾਹਿਬਾ ! ਸਿੱਖੀ ਦੀ ਸ਼ਾਨ ਅੰਦਰ।

ਝੋਲੀ ਅੱਡੀ ਊ, ਵਾਂਗ ਭਿਖਾਰੀਆਂ ਦੇ,
ਮੰਨ ਲਈਂ ਦਾਤਾ ! ਇਹ ਸਵਾਲ ਸਾਡਾ।
ਲਛਮਣ ਸਿੰਘ ਵਾਂਗਰ ਸਿੱਖੀ ਸਿਦਕ ਪੂਰਾ,
ਨਿਭੇ ਕੇਸਾਂ ਸਵਾਸਾਂ ਦੇ ਨਾਲ ਸਾਡਾ।

ਵੀਰੋ ! ਮੁਸ਼ਕਲਾਂ ਦੇ ਵਸ ਪਾਇਕੇ ਤੇ,
ਕੁਦਰਤ ਪਈ ਸਾਨੂੰ ਅੱਜ ਤੋਲਦੀ ਏ।
ਅੱਖਾਂ ਲਾਲ ਕਰਕੇ ਪਈ ਘੂਰਦੀ ਏ,
ਕੌੜੇ ਬਚਨ ਮੂੰਹੋਂ ਪਈ ਬੋਲਦੀ ਏ।

ਇਸਦੀ ਰਸਮ ਹੈ ਜਿਨੂੰ ਪਸੰਦ ਕਰਦੀ,
ਉਹਨੂੰ ਖ਼ਾਕ ਅੰਦਰ ਪਹਿਲੋਂ ਰੋਲਦੀ ਏ।
ਪਹਿਲੋਂ ਕਰਕੇ ਤੇ ਹਕਦਾਰ ਪੂਰਾ,
ਬੂਹੇ ਫੇਰ ਮੁਰਾਦ ਦਾ ਖੋਲ੍ਹਦੀ ਏ।

ਸਮਝਣ ਕੁਦਰਤੀ ਰਾਜ਼, ਇਹ ਮਰਦ ਜਿਹੜੇ,
ਕਦੀ ਡੋਲਦੇ ਨਾ ਇਮਤਿਹਾਨ ਅੰਦਰ।
ਛਾਤੀ ਤੇ ਮੂੰਹ ਤੇ ਚੋਟਾਂ ਖਾ ਖਾ ਕੇ,
ਪੈਰ ਅੱਗ੍ਹਾਂ ਹੀ ਧਰਨ ਮੈਦਾਨ ਅੰਦਰ।

ਛੁਰੀ ਰੱਖ ਸ਼ਾਹ ਰੱਗ ਤੇ ਕਹੇ ਜਿਹੜਾ,
ਸਿੱਖ ਕੌਮ ! ਤੈਨੂੰ ਕਿ—"ਪੁਕਾਰ ਨਾ ਕਰ"
ਰਾਜ ਭਾਗ ਖੋਹ ਕੇ ਜਿਹੜਾ ਕਹੇ ਤੈਨੂੰ !
ਲੈ ਕੇ ਗੋਦੜੀ ਸ਼ੁਕਰ ਕਰਤਾਰ ਨਾ ਕਰ"

ਜਿਹੜਾ ਕਹੇ "ਕ੍ਰਿਪਾਨ ਦਾ ਪਿਆਰ ਨਾ ਕਰ"
"ਗੁਰਦੁਆਰਿਆਂ ਦਾ ਭੀ ਸੁਧਾਰ ਨਾ ਕਰ"
ਐਸ ਮਾਯਾ ਦੇ ਕੀੜੇ ਨੂੰ, ਸਾਫ ਮੂੰਹ ਤੇ,
ਕਹਿਣ ਲੱਗਿਆਂ, ਜ਼ਰਾ ਵਿਚਾਰ ਨਾ ਕਰ।

"ਪਿਛੇ ਧਰਮ ਦੇ ਮੌਤ ਕਬੂਲ ਕਰਕੇ,
ਕਦੀ ਖ਼ਵਾਬ ਅੰਦਰ ਹੱਥ ਮਲਾਂਗੇ ਨਾ"
"ਬਾਜਾਂ ਵਾਲੇ ਸਤਿਗੁਰੂ ਦੇ ਬਾਜ ਦੀ ਸੌਂਹ,
ਇਹਦੀ ਰਾਹ ਉਤੇ ਮਰਨੋਂ ਟਲਾਂਗੇ ਨਾ।"

ਨੌਜਵਾਨ ਸਿੱਖਾ ! ਬੇਸ਼ਕ ਤੈਨੂੰ,
ਪਿਆ ਕੋਟ ਭੀ ਹੈ ਪਤਲੂਨ ਭੀ ਹੈ।
ਐਪਰ ਦੱਸ ਖਾਂ "ਆਪਣੇ ਗੁਰੂ ਵਾਲਾ,
ਤੇਰੇ ਸਿਰ ਵਹਾਦਤ ਦਾ ਜਨੂਨ ਭੀ ਹੈ ?"

ਜ਼ਰਾ ਸੋਚ ! ਪਿਛਲੇ ਸਿੱਖੀ ਸਿਦਕ ਵਾਲਾ,
ਤੇਰੇ ਘਰ ਆਟੇ ਵਿੱਚੋਂ ਲੂਣ ਭੀ ਹੈ ?
ਕਹਿੰਦਾ ਫਿਰੇਂ 'ਪੁੱਤਰ ਬਾਜਾਂ ਵਾਲੜੇ ਦਾ'
ਰਗਾਂ ਵਿਚ ਉਸ ਬੀਰ ਦਾ ਖ਼ੂਨ ਭੀ ਹੈ ?

ਤੇਰਾ ਮੁਖ ਮੰਤਵ 'ਦੁਨੀਆਂ ਦੀ ਅਜ਼ਮਤ,
ਰੰਗ ਮਾਨਣੇ ਐਸ਼ ਆਰਾਮ ਕਰਨਾ'।
ਤੈਨੂੰ ਕੌਣ ਦੱਸੇ ਤੇਰੇ ਵੱਡਿਆਂ ਦਾ,
ਆਦਰਸ਼ ਸੀ ਕੌਮ ਦੇ ਲਈ ਮਰਨਾ।

ਕੀਤੀ ਬਾਗ ਅੰਦਰ ਮੈਂ ਅਰਦਾਸ "ਰੱਬਾ !
ਸਿੱਖਾਂ ਸਿਰ ਸਵਰਾਜ ਦਾ ਤਾਜ ਰੱਖੀਂ"।
"ਕਦਮਾਂ ਦੇ ਉਤੇ 'ਆਫ਼ਰੀਨ' ਵਾਲਾ,
ਸਾਰੇ ਜੱਗ ਕੋਲੋਂ ਲੈ ਖ਼ਿਰਾਜ ਰੱਖੀਂ।"

"ਲਾਜਵੰਤੀ"* ਕਿਹਾ "ਸਿੱਖਾਂ ਦੀ ਰੱਬਾ,
ਧਰਮ ਯੁਧ ਅੰਦਰ ਆਪ ਲਾਜ ਰੱਖੀਂ।"
"ਬੁਲਬੁਲ"* ਕਿਹਾ "ਰੱਬਾ! ਸਵਰਾਜ ਪਿੱਛੋਂ,
ਹਿੰਦੁਸਤਾਨ ਤੇ ਧਰਮ ਦਾ ਰਾਜ ਰੱਖੀਂ।"

ਪੱਤੇ ਪੱਤੇ ਵਿਚੋਂ "ਆਮੀਨ" ਨਿਕਲੀ,
ਇਹ ਆਵਾਜ਼ ਗੂੰਜੀ ਆਸਮਾਨ ਅੰਦਰ।
"ਫਤਹ ਲੌਂਡੀਆਂ ਵਾਂਗ ਗੁਲਾਮ ਰਹਿਸੀ,
ਬੀਰ ਸਿੱਖਾਂ ਦੇ ਸਦਾ ਮੈਦਾਨ ਅੰਦਰ।"

---

* ਲਾਜਵੰਤੀ ਦੇਵੀ, * ਸਰੋਜਿਨੀ ਨਾਇਡੂ

* ਸ਼ਾਨ ਨਾਲ ਮਰੀਏ ਆਪਣੀ ਵਾਰ ਉਤੇ

"ਸ਼ਾਨ ਨਾਲ ਮਰੀਏ ਆਪਣੀ ਵਾਰ ਉਤੇ,
ਤੈਥੋਂ ਮੰਗਣੇ ਨੂੰ ਇਹੀ ਦਾਨ ਆਏ।"
ਐ ਪੰਥ ਦੇ ਵਾਲੀਆ ! ਅਸੀਂ ਰਲ ਕੇ,
ਹਾਂ ਸ਼ਹੀਦੀ ਦਿਹਾੜਾ ਮਨਾਣ ਆਏ।
ਜੋ ਜੋ ਬੀਤੀਆਂ ਨੇ ਜ਼ਖ਼ਮੀ ਦਿਲਾਂ ਉਤੇ,
ਦੁੱਖਾਂ ਭਰੀ ਕਹਾਣੀ ਸੁਨਾਣ ਆਏ।
ਆਪਣੇ ਵੀਰਨਾਂ ਦੇ ਸਿਵੇ ਬਲਦਿਆਂ ਤੇ,
ਚਾਰ ਅੱਥਰੂ ਫੇਰ ਵਹਾਣ ਆਏ।
'ਸ਼ਾਨ ਨਾਲ ਮਰੀਏ ਆਪਣੀ ਵਾਰ ਉਤੇ'
ਤੈਥੋਂ ਮੰਗਣੇ ਨੂੰ ਇਹੀ ਦਾਨ ਆਏ।
'ਡਰਦੇ' ਮੌਤ ਕੋਲੋਂ ਸੁਖੀ ਲੋਕ ਹੋਸਣ,
ਜਿਨ੍ਹਾਂ ਦੁੱਖੜੇ ਦੀ ਕੋਈ ਸਾਰ ਨਾਹੀਂ।
ਸਾਡੇ ਜੇਹੇ ਦੁਖੀਆਂ ਗ਼ਮਾਂ ਮਾਰਿਆਂ ਦਾ,
ਕੋਈ ਮੌਤ ਕੋਲੋਂ ਵੱਡਾ ਯਾਰ ਨਾਹੀਂ।
ਪਹਿਲੋਂ 'ਚੁੱਕ' ਮਹੰਤ ਨੂੰ ਦੇਇਕੇ ਤੇ,
ਦੋ ਸੌ ਸਿੰਘਾਂ ਦਾ ਕਤਲ ਕਰਾਣ ਵਾਲੇ !
ਫੇਰ ਆਪ ਹੀ ਬਣ ਪੜਤਾਲ ਵਾਲਾ,
ਸਾਰੇ ਜ਼ੁਲਮਾਂ ਉਤੇ ਪੜਦਾ ਪਾਣ ਵਾਲੇ !

---

* ਇਹ ਕਵਿਤਾ ਨਨਕਾਣੇ ਸਾਹਿਬ ਦੇ ਦੂਸਰੇ ਸ਼ਹੀਦੀ ਦੀਵਾਨ ਵਿਚ ਪੜ੍ਹੀ ਗਈ ਸੀ।

ਕੁਰਸੀ ਫੇਰ ਇਨਸਾਫ਼ ਦੀ ਬਹਿ ਕੇ ਤੇ,
ਅਦਲ ਦਾ ਹੀ ਮਖ਼ੌਲ ਉਡਾਣ ਵਾਲੇ !

ਬਲਦੀ ਅੱਗ ਉਤੇ ਤੇਲ ਪਾਣ ਵਾਲੇ,
ਦੁੱਖੇ ਦਿਲਾਂ ਨੂੰ ਹੋਰ ਦੁਖਾਣ ਵਾਲੇ !
ਤੇਰਾ ਭਲਾ ਹੋਵੇ ! ਕਿਉਂਕਿ ਯਾਰ ਬਣ ਕੇ,
ਯਾਰੀ ਖ਼ੂਬ ਨਿਭਾਈਉ ਯਾਰ ! ਸਾਡੀ।

ਕਫਨ ਸਿਰਾਂ ਤੇ ਬੰਨ੍ਹ ਕੇ ਪੁੱਛਦੇ ਹਾਂ,
'ਦੱਸ ਕਦੋਂ ਤੀਕਰ ਔਣੀ ਵਾਰ ਸਾਡੀ ?'
ਇਕ ਦਿਨ ਹੰਕਾਰੀਆ ! ਟੁੱਟ ਜਾਸੀ,
ਲੱਕ ਬੰਨ੍ਹਿਆ ਈ ਜਿਹੜਾ ਜਬਰ ਉਤੇ।

ਮਿੱਟੀ ਉੱਡ ਕੇ ਆਪਣੇ ਸਿਰ ਪੈਂਦੀ,
ਠੋਕਰ ਮਾਰਿਆਂ ਮੋਇਆਂ ਦੀ ਕਬਰ ਉਤੇ।
ਜੇਕਰ ਮਾਣ ਐਡਾ ਤੈਨੂੰ ਜ਼ੋਰ ਉਤੇ,
ਸਾਨੂੰ ਮਾਣ ਹੈ ਆਪਣੇ ਸਬਰ ਉਤੇ।

ਸਾਨੂੰ ਮਾਣ ਆਪਣੀ ਠੰਡੀ ਆਹ ਉਤੇ,
ਤੈਨੂੰ ਮਾਣ ਜੇਕਰ ਤੇਗ ਤਬਰ ਉਤੇ।
ਹੈ ਮਸ਼ਹੂਰ 'ਮਸੂਮਾਂ ਦਾ ਖ਼ੂਨ ਆਖ਼ਰ,
ਬਰਬਾਦ ਕਰ ਦੇਵੇ ਜੱਲਾਦ ਤਾਈਂ।'

ਨਿੱਕੀ ਜੇਹੀ ਬੂਟੀ ਜਿਵੇਂ ਸੜ ਸੜ ਕੇ,
ਆਖ਼ਰ ਮਾਰ ਦੇਂਦੀ ਏ ਫ਼ੌਲਾਦ ਤਾਈਂ।
ਛਿੜਕ ਲੂਣ ਨਾ ਪਰਜਾ ਦੇ ਜ਼ਖ਼ਮਾਂ ਉਤੇ,
ਰਾਜਾ ! ਮੱਲ੍ਹਮ ਜੇ ਨਹੀਂ ਲਗਾਣ ਜੋਗਾ।

ਪਿਆਂ ਡਿੱਗਿਆਂ ਨੂੰ ਠੇਡੇ ਮਾਰ ਨਾਹੀਂ,
ਬਾਹੋਂ ਪਕੜ ਜੇ ਨਹੀਂ ਉਠਾਣ ਜੋਗਾ।

ਕਿਸੇ ਦੁਖੀ ਨੂੰ ਹੋਰ ਦੁਖਾਉ ਭੀ ਨਾ,
ਜੇਕਰ ਦੁੱਖ ਤੂੰ ਨਹੀਂ ਵੰਡਾਣ ਜੋਗਾ।

ਮੰਦਾ ਬੋਲ ਭੀ ਨਾ ਬੂਹੇ ਆ ਗਿਆਂ ਨੂੰ,
ਜੇਕਰ ਖ਼ੈਰ ਬੀਬਾ ! ਨਹੀਂ ਪਾਣ ਜੋਗਾ।
ਕਰੂ ਆਣ ਕੇ ਅਦਲ ਇਨਸਾਫ ਕੇਹੜਾ ?
ਬਾਦਸ਼ਾਹ ਰੱਯਤ ਜੇ ਦੁਖਾਣ ਲੱਗੇ।

ਓਸ ਖੇਤ ਦਾ ਰੱਬ ਹੀ ਆਪ ਰਾਖਾ,
ਜਿਸ ਖੇਤ ਨੂੰ ਵਾੜ ਹੀ ਖਾਣ ਲੱਗੇ !
ਜੇਕਰ ਪਤਾ ਹੁੰਦਾ ਸਾਨੂੰ ਸੱਜਣਾਂ ਵੇ !
ਅਸੀਂ ਭੀ ਸਾਰੇ ਤੇਰੇ ਨਾਲ ਔਂਦੇ।

ਸੁਣ ਕੇ ਮਾਹੀ ਦਾ ਸੱਦੜਾ ਵਾਂਗ ਤੇਰੇ,
ਅਸੀਂ ਭੀ ਨਾ ਖ਼ੁਸ਼ੀ ਦੇ ਵਿਚ ਔਂਦੇ ?
"ਜਾਵੇ ਸਿਰ, ਜਾਵੇ ਸਿੱਖੀ ਸਿਦਕ ਨਾਹੀਂ,
ਤੇਰੇ ਨਾਲ ਦਲੀਪ ਸਿੰਘ ਜੀ ! ਗੌਂਦੇ।

ਕਤਲਗਾਹ ਅੰਦਰ ਪਾਸੇ ਧਰਮ ਦੇ ਤੇ,
ਸਿਰਾਂ ਧੜਾਂ ਵਾਲੀ ਬਾਜ਼ੀ ਚਾ ਲੌਂਦੇ।
ਤੇਰੀ ਤਰ੍ਹਾਂ ਕਹਿੰਦੇ ਕਾਤਲ ਨੂੰ "ਵੀਰ",
ਕੰਬਲ ਸੁੱਟ ਮੋਢੇ ਉਤੇ, ਪਾੜ ਚੋਲੀ।

"ਛਡ ਦੇਹ ਸਾਰੇ ਸਿੱਖਾਂ ਨੂੰ ਨਹੀਂ ਤਾਂ,
ਅਸੀਂ ਭੀਅ ਸਿਖ ਹਾਂ ਸਾਨੂੰ ਮਾਰ ਗੋਲੀ।"
ਕੌਮ ਬੀਰਾਂ ਦੀ ਏ ! ਵੇਲਾ ਹੱਥ ਵਿਚੋਂ,
ਨਿਕਲ ਗਿਆ ਪਿੱਛੋਂ ਪਛੋਤਾਵਸੇਂਗੀ।

ਸੱਸੀ ਵਾਂਗ ਗਵਾਯਾ ਜੇ ਸਮਾਂ ਸੌਂ ਕੇ,
ਪਿਛੋਂ ਥਲਾਂ ਅੰਦਰ ਕੂਰਲਾਵਸੇਂਗੀ।

ਸੰਭਲ ਗਈ ਤਾਂ ਚਮਕਸੇਂ ਵਾਂਗ ਸੂਰਜ,
ਸਾਰੇ ਜੱਗ ਉਤੇ ਸ਼ੋਭਾ ਪਾਵਸੇਂਗੀ।

ਜੇਕਰ ਤਿਲ੍ਹਕੀਓਂ ਡਿਗਸੇਂ ਵਿੱਚ ਖਾਈ,
ਸਦਾ ਲਈ ਜੀਉਂਦੀ ਮਰ ਜਾਵਸੇਂਗੀ।
"ਕਰਨ ਕਿਵੇਂ ਤੇਰੀ ਮਲੀਆਮੇਟ ਹਸਤੀ"
ਦੂਤੀ ਸੋਚਦੇ ਨੇ ਖ਼ਬਰਦਾਰ ਹੋ ਜਾ!

"ਇਸ ਤੋਂ ਪਹਿਲੋਂ ਕਿ ਮਰੇਂ ਜ਼ਲੀਲ ਹੋ ਕੇ,
ਸ਼ਾਨ ਨਾਲ ਮਰਨੇ ਲਈ ਤਿਆਰ ਹੋ ਜਾ!"
ਗਿਆ ਰਾਜ, ਇਕਬਾਲ, ਅਰੂਜ਼, ਆਪਣੀ—
ਰਾਜਧਾਨੀ ਦੇ ਵਿਚ ਕੰਗਾਲ ਹੋ ਗਏ।

ਵਾਰਸ ਮੁਲਕ ਦੇ ਵਿਲਕਦੇ ਟੁਕੜਿਆਂ ਨੂੰ,
ਅੱਗ ਲੈਣ ਆਏ ਮਾਲਾ ਮਾਲ ਹੋ ਗਏ।
ਜਾਨ ਜਿਸਮ ਅੰਦਰ, ਆਨ ਜਾਨ ਅੰਦਰ,
ਰਹੀ ਨਾ, ਐਸੇ ਮੰਦੇ ਹਾਲ ਹੋ ਗਏ।

ਬਾਜਾਂ ਵਾਲੜੇ ਸੁਖਾਂ ਦੇ ਦਾਤਿਆ ਵੇ!
ਦੁਖੀ ਸਿਖ ਤੇਰੇ ਵਾਲ ਵਾਲ ਹੋ ਗਏ।
ਖੋਹ ਲੈ ਹੋਣੀਏ! ਅਜੇ ਭੀ ਹੈਣ ਜੋ ਜੋ,
ਤੇਰੀ ਤੱਕ ਦੇ ਵਿੱਚ ਆਰਾਮ ਸਾਡੇ।

ਐਪਰ ਵਾਸਤਾ ਈ ਸਾਡੇ ਆਜਜ਼ਾਂ ਤੋਂ,
ਇਕ ਨਾ ਖੋਹੀਂ "ਗੁਰੂ ਧਾਮ" ਸਾਡੇ।
ਪੁੱਛੋ ਸੱਚ ਤੇ ਮੇਰੇ ਖ਼ਿਆਲ ਅੰਦਰ,
ਰਚਿਆ ਖੇਲ੍ਹ ਸਾਰਾ ਹੀ ਕਰਤਾਰ ਦਾ ਏ।

ਭੁਲ ਹੈ ਖ਼ੂਨੀ ਦੇ ਨਾ ਗਾਠ ਦਿਲ ਦੀ,
ਨਹੀਂ ਦੋਸ਼ ਲਹੂ ਭਰੀ ਤਲਵਾਰ ਦਾ ਏ।

ਖੜਕ ਸਿੰਘ ਬਣ ਕੇ ਕਿਤੇ ਦੁੱਖ ਸਹਿੰਦਾ,
ਕਿਤੇ ਬਣ ਡਾਇਰ ਗੋਲੀ ਮਾਰਦਾ ਏ।

ਕਿਤੇ ਬਰਸਦਾ ਏ ਕਿਤੇ ਗੱਜਦਾ ਏ,
ਕਿਤੇ ਜਿੱਤਦਾ ਏ, ਕਿਤੇ ਹਾਰਦਾ ਏ।
ਕੁਦਰਤ ਨੇਕੀਆਂ ਤੇ ਕੁਦਰਤ ਹੈਨ ਬਦੀਆਂ,
ਕਿਤੇ ਮਾਣ ਹੈ ਅਤੇ ਅਭਿਮਾਨ ਕੁਦਰਤ।
ਕਾਦਰ ਹੈ ਕਰਤਾ, ਓਸੇ ਦੀ ਕੁਦਰਤ,
ਕਿਸੇ ਨੂੰ ਮਾਰ ਦੇਣਾ, ਮਰ ਜਾਣ ਕੁਦਰਤ।

ਮਜ਼ਲੂਮ ਦੀ ਆਹ

ਮੈਨੂੰ ਜਿੱਤ ਦਿੱਸੇ ਆਪਣੀ ਆਹ ਅੰਦਰ,
ਤੈਨੂੰ ਫਤਹ ਦਿੱਸੇ ਆਪਣੇ ਬਲ ਅੰਦਰ।
ਦੋਹਾਂ ਲਈ ਅਜ਼ਮਾਣ ਦਾ ਇਕ ਰਸਤਾ,
'ਫਾਹੀ ਜ਼ੁਲਮ ਪਾ ਦੇ ਮੇਰੇ ਗੱਲ ਅੰਦਰ।

ਲਾਸ਼ ਫੜਕਦੀ ਦੇਖ ਕੇ ਕਹੇਂਗਾ ਤੂੰ,
'ਇਸਦੀ ਜਾਨ ਨਿਕਲੂ ਘੜੀ ਪਲ ਅੰਦਰ।
ਮੈਂ ਤਕਾਂਗਾ ਆਪਣੇ ਰੱਬ ਵਲੋਂ,
ਰਾਖਾ ਹੈ ਜੇਹੜਾ ਜਲ-ਥੱਲ ਅੰਦਰ।

ਅੱਜ ਬੋਹੜ ਵਾਂਗਰ ਪਿਆ ਘੂਰਨਾ ਏਂ,
ਨਦੀ ਨੂੰ ਜੇਹੜੀ ਪੈਰਾਂ ਵਿਚ ਵੱਗੇ।
ਰੱਖੀਂ ਯਾਦ ਪਰ 'ਜੜ੍ਹੋਂ ਉਖਾੜ ਸੁੱਟੇ,
ਜਦੋਂ ਨਦੀ ਗਰੀਬ ਦੀ ਢਾਹ ਲੱਗੇ।

ਡਰੀਂ ! ਡਰੀਂ !! ਮਜ਼ਲੂਮ ਦੀ ਆਹ ਕੋਲੋਂ,
ਜ਼ਾਲਮ ਜ਼ੁਲਮ ਬੇਧੜਕ ਕਮਾਣ ਵਾਲੇ !
ਤੂੰ ਕੀ ਚੀਜ਼ ਹੈਂ, ਏਸ ਨੇ ਕਈ ਵਾਰੀ,
ਦਿੱਤੇ ਪਾੜ ਪੜਦੇ ਆਸਮਾਨ ਵਾਲੇ !

ਸੜ ਮਰੇ ਗਰੀਬਾਂ ਨੂੰ ਸਾੜਦੇ ਹੀ,
ਕਈ ਕਿਬਰ, ਹੰਕਾਰ ਤੇ ਮਾਣ ਵਾਲੇ !

ਕਿੱਥੇ ਹਰਨਾਖਸ਼ ? ਫਰਾਊਨ ਕਿੱਥੇ ?
ਰੱਬ ਆਪਣੇ ਤਾਂਈਂ ਕਹਾਣ ਵਾਲੇ !

ਕੰਬੇ ਅਰਸ਼ ਥਰ ਥਰ ਜਾਂ ਗਰੀਬ ਰੋ ਰੋ,
ਹਉਕੇ ਲੈ ਲੈ ਅੱਥਰੂ ਕੇਰਦਾ ਹੈ।
ਐਸਾ ਵੇਖ 'ਗਰੀਬ ਨਿਵਾਜ਼' ਉਸਦਾ,
ਬੂਟਾ ਜ਼ੁਲਮ ਦਾ ਜੜ੍ਹੋਂ ਉਖੇੜਦਾ ਹੈ।

ਅਸੀਂ ਵੇਖਿਆ ਖ਼ੂਬ ਅਜ਼ਮਾ ਕੇ ਤੇ,
ਹੁੰਦੀ ਬੁਰੀ ਗਰੀਬਾਂ ਦੀ 'ਆਹ' ਲੋਕੋ !
ਇਸਨੇ ਕਈ ਵਾਰੀ ਬਰਬਾਦ ਕੀਤੇ,
ਫੌਜਾਂ ਮੇਲ ਲਸ਼ਕਰ ਬਾਦਸ਼ਾਹ ਲੋਕੋ !

ਗੁੱਝਾ ਜ਼ਖ਼ਮ .ਗਰੀਬ ਦੀ ਆਹ ਵਾਲਾ,
ਰਾਜ਼ੀ ਕਰੇ ਨਾ ਕੋਈ ਜਰਾਹ ਲੋਕੋ !
ਦੁਨੀਆਂ ਕੌਣ ਵਿਚਾਰ ਹਿਲਾ ਦੇਵੇ,
ਸੱਚੇ ਰੱਬ ਦੀ ਏਹ ਦਰਗਾਹ ਲੋਕੋ !

ਇਸ ਨੇ ਜਦੋਂ ਭੀ ਹੈ ਸਚਖੰਡ ਅੰਦਰ,
ਧੱਕਾ ਰੱਬੀ ਸਿੰਘਾਸਨ ਨੂੰ ਜਾ ਲਾਇਆ।
ਤਦੋਂ ਤਦੋਂ ਹੀ ਆਪ ਸੰਸਾਰ ਉਤੇ,
ਰੂਪ ਧਾਰ ਕੇ ਤੇ ਨਿਰੰਕਾਰ ਆਇਆ।

ਗੁਰੂ ਦਾ ਬਾਗ

"ਮਾਣ ਵਾਲਿਆਂ ਦੇ ਮਾਣ ਤੋੜ ਦਿਤੇ,
ਖਾ ਕੇ ਵਾਂਗ ਨਿਮਾਣਿਆਂ ਮਾਰ ਸਿੰਘਾਂ।"

ਦਿਲਾ ! ਜਦੋਂ ਮੌਕਾ ਮਿਲੇ, ਵਲਾ ਪਾ ਕੇ,
ਢੂੰਡ ਢੂੰਡ ਕੇ ਕਰੀਂ ਦੀਦਾਰ ਸਿੰਘਾਂ।
ਏਹੀ ਸੰਤ ਨੇ, ਇਹੀ ਮਹਾਤਮਾ ਨੇ,
ਸੌ, ਸੌ, ਮੇਰੀ ਨਿਮਸਕਾਰ ਸਿੰਘਾਂ।
ਜਦੋਂ ਰਾਜ ਖੁੱਸਾ ਕੀਤੀ ਤਦੋਂ ਤੇ ਨਾ,
ਮੂਲ ਕਿਸੇ ਦੇ ਕੋਲ ਪੁਕਾਰ ਸਿੰਘਾਂ।
ਐਪਰ ਗੁਰੂ ਦੇ ਬਾਗ ਦੀ ਲੱਕੜੀ ਤੋਂ,
ਲੱਖਾਂ ਜੇਹੀ ਦਿਤੀ ਜਿੰਦ ਵਾਰ ਸਿੰਘਾਂ।
ਪਾਟੇ ਕੱਪੜੇ ਇਨ੍ਹਾਂ ਦੇ ਨਾਂਹ ਵੇਖੀਂ,
ਦੇਖੀਂ ਦਿਲ ਦਾ ਸਬਰ ਕਰਾਰ ਸਿੰਘਾਂ।

ਮਾਣ ਵਾਲਿਆਂ ਦੇ ਮਾਣ ਤੋੜ ਦਿੱਤੇ,
ਖਾ ਕੇ ਵਾਂਗ ਨਿਮਾਣਿਆਂ ਮਾਰ ਸਿੰਘਾਂ।

ਪਿੱਛੇ ਧਰਮ ਦੇ ਹੋਣ ਕੁਰਬਾਨ ਜੱਥਾ,
ਸ੍ਰੀ ਤਖ਼ਤ ਅਕਾਲ ਤੋਂ ਚਲਦਾ ਸੀ।

ਸਿਰ-ਫਰੋਸ਼ਾਂ ਨੂੰ ਦੇਖਣੇ ਨਰ ਨਾਰੀ,
ਆ ਕੇ ਰਾਹ ਅਗੇਤਰਾ ਮੱਲਦਾ ਸੀ।

ਮੂੰਹੀਂ ਚੜ੍ਹੀ ਲਾਲੀ, ਸਿਰ ਤੇ ਕਫਨ ਕਾਲੇ,
ਭਾਂਬੜ ਜੋਸ਼ ਵਾਲਾ ਦਿਲ ਬੱਲਦਾ ਸੀ।

ਚਲੇ ਮੌਤ ਦੇ ਮੂੰਹ ਵਿੱਚ ਬੀਰ ਬਾਂਕੇ,
ਦੇਖ ਜੱਗ ਦਾ ਕਾਲਜਾ ਹਲਦਾ ਸੀ।

ਕਦਮ ਅਜ਼ਲ ਦੀ ਮੰਜ਼ਲ ਤੇ ਰਖ ਕੇ ਤੇ,
ਪਿੱਛਾ ਦੇਖਿਆ ਨਾ ਇਕ ਵਾਰ ਸਿੰਘਾਂ।

ਮਾਣ ਵਾਲਿਆਂ ਦੇ ਮਾਣ ਤੋੜ ਦਿੱਤੇ,
ਖਾ ਕੇ ਵਾਂਗ ਨਿਮਾਣਿਆਂ ਮਾਰ ਸਿੰਘਾਂ।

ਜਦੋਂ ਝੂਮਦਾ ਝਾਮਦਾ ਸ਼ਬਦ ਪੜ੍ਹਦਾ,
ਸ਼ੈਹਰੋਂ ਨਿਕਲ ਜੱਥਾ ਅਗ੍ਹਾਂ ਜਾਊਂਦਾ ਸੀ।

'ਨੇਕੀ ਕਰਦਿ੍ਆਂ ਜਿਵੇਂ ਸ਼ੈਤਾਨ ਰੋਕੇ,
'ਬੀਟੀ' ਆਣ ਇਸਨੂੰ ਅਟਕਾਊਂਦਾ ਸੀ।

ਅਜ਼ਲ ਢੋਲ ਵੱਜੇ, ਜਮਾਂ ਵਾਂਗ 'ਬੀਟੀ',
ਨਾਲ ਸਾਥੀਆਂ ਭੰਗੜਾ ਪਾਊਂਦਾ ਸੀ।

ਸਿੰਘ ਬੈਠ ਜਾਂਦੇ ਨੀਵੀਂ ਧੌਣ ਪਾ ਕੇ,
ਜੱਥੇਦਾਰ ਜਾਂ ਹੁਕਮ ਸੁਣਾਉਂਦਾ ਸੀ।

ਡਾਂਗ ਬਰਸਦੀ ਤਾਂ ਮੀਂਹ ਦੇ ਵਾਂਗ ਉਤੇ,
ਕੌਮ ਖ਼ਾਲਸਾ ਦੇ ਜਾਂ-ਨਿਸਾਰ ਸਿੰਘਾਂ।

ਮਾਣ ਵਾਲਿਆਂ ਦੇ ਮਾਣ ਤੋੜ ਦਿੱਤੇ,
ਖਾ ਕੇ ਵਾਂਗ ਨਿਮਾਣਿਆਂ ਮਾਰ ਸਿੰਘਾਂ।

ਪੜ੍ਹਨ ਵਾਲਿਓ ! ਸਮਝਣਾ ਨਾਂਹ ਕਿਧਰੇ,
"ਸਿੰਘ ਮਾਰ ਵੇਲੇ ਸਹਿਮ ਜਾਉਂਦੇ ਸੀ।

ਸਗੋਂ ਛੱਡ ਕੇ ਵੀਰਾਂ ਦੀ ਡਾਰ ਬੈਠੀ,
ਵੱਧ ਵੱਧ ਕੇ ਤੇ ਮਾਰ ਖਾਉਂਦੇ ਸੀ।

ਜਦੋਂ ਇਕ ਪਾਸਾ ਮਾਰ ਖਾਇ ਲੈਂਦਾ,
ਦੂਜਾ ਚਾਇ ਪਾਸਾ ਪਰਤਾਉਂਦੇ ਸੀ।

ਜੇਹੜਾ ਉੱਠਦਾ ਹੰਬਲਾ ਮਾਰ ਕੇ ਤੇ,
ਜ਼ਾਲਮ ਮਾਰ ਡਾਂਗਾਂ ਫੇਰ ਢਾਉਂਦੇ ਸੀ।

ਛੀ-ਛੀ ਵਾਰ ਕਈਆਂ ਉੱਠ ਮਾਰ ਖਾਧੀ,
'ਪ੍ਰਿਥੀਪਾਲ' ਵਰਗੇ ਜਾਨਦਾਰ ਸਿੰਘਾਂ।

ਮਾਣ ਵਾਲਿਆਂ ਦੇ ਮਾਣ ਤੋੜ ਦਿੱਤੇ,
ਖਾ ਕੇ ਵਾਂਗ ਨਿਮਾਣਿਆਂ ਮਾਰ ਸਿੰਘਾਂ।

ਜ਼ਾਲਮ ਮਾਰਦੇ ਸੀ ਵੱਟ-ਵੱਟ ਡਾਂਗਾਂ,
ਸਿੰਘ ਆਉਂਦੇ ਸੀ ਸਾਹ ਵੱਟ ਕੇ ਤੇ।

ਮਾਰਨ ਗੋਰਖੇ ਕੁੰਦੇ ਬੰਦੂਕ ਵਾਲੇ,
ਜ਼ੋਰ ਨਾਲ ਡਾਢੇ ਪਿਛਾਂ ਹੱਟ ਕੇ ਤੇ।

'ਬੀਟੀ' ਪਕੜ ਕੇਸਾਂ ਤੋਂ ਬੇਹੋਸ਼ ਸਿੰਘਾਂ,
ਹੁੰਦਾ ਖੁਸ਼ੀ ਚਿੱਕੜ ਅੰਦਰ ਸੁੱਟ ਕੇ ਤੇ।

ਸਿੰਘ ਸ਼ੁਕਰ ਕਰਦੇ ਸਿੱਖੀ ਸਿਦਕ ਵਾਲੀ,
ਖਰ੍ਹਵੀ ਸਿਲਾ ਅਲੂਣੀ ਨੂੰ ਚੱਟ ਕੇ ਤੇ।

ਹੁੰਦਾ ਅੱਜ ਬਾਜਾਂ ਵਾਲਾ ਮੁੱਲ ਪੈਂਦਾ,
ਜਿਦ੍ਹੀ ਸ਼ਾਨ ਰੱਖੀ ਬਰਕਰਾਰ ਸਿੰਘਾਂ।

ਮਾਣ ਵਾਲਿਆਂ ਦੇ ਮਾਣ ਤੋੜ ਦਿੱਤੇ,
ਖਾ ਕੇ ਵਾਂਗ ਨਿਮਾਣਿਆਂ ਮਾਰ ਸਿੰਘਾਂ।

ਆਸ਼ਕ ਨਿਕਲਦੇ ਸੀ ਕਫ਼ਨ ਬੰਨ੍ਹ ਸਿਰ ਤੇ,
ਸੁਣ ਸੁਣ ਕੇ ਜ਼ੁਲਮ ਦੀ ਬਾਂਗ ਤੇਰੀ।

ਕਿਉਂਕਿ ਇਹੀ ਇਕ ਰਸਤਾ ਸਹਿਲ ਕਿਸ਼ਤੀ—
ਡੋਬਣ ਲਈ ਫਰਊਨ ਦੇ ਵਾਂਗ ਤੇਰੀ।

ਰਹੇ ਚੁੱਪ ਪਰਵਾਨਿਆਂ ਵਾਂਗ ਉਹ ਤੇ,
ਲੱਗੀ ਸ਼ਮ੍ਹਾਂ ਵਾਂਗਰ ਜਿਨ੍ਹਾਂ ਤਾਂਘ ਤੇਰੀ।

ਐਪਰ ਆਖਦੀ ਸੀ 'ਕਾੜ ਕਾੜ' ਕਰ ਕੇ,
ਤੈਨੂੰ ਤਦੋਂ ਸੰਮਾਂ ਵਾਲੀ ਡਾਂਗ ਤੇਰੀ।

'ਬੀਬਾ ! ਸਬਰ ਦਾ ਵਾਰ ਤੈਂ ਝੱਲਣਾ ਨਾ,
ਤੇਰੀ ਮਾਰ ਹੈ ਲਈ ਸਹਾਰ ਸਿੰਘਾਂ।'

ਮਾਣ ਵਾਲਿਆਂ ਦੇ ਮਾਣ ਤੋੜ ਦਿੱਤੇ,
ਖਾ ਕੇ ਵਾਂਗ ਨਿਮਾਣਿਆਂ ਮਾਰ ਸਿੰਘਾਂ।

ਐਡਾ ਮਾਰ ਕੁਟਾਈ ਦਾ ਦੁੱਖ ਨਾ ਸੀ,
ਜੇਡਾ ਸਾੜਦਾ ਸੀ 'ਬੀਟੀ' ਮਾਰ ਤਾਨ੍ਹੇ।

'ਕਿੱਥੇ ਗੁਰੂ ਗੋਬਿੰਦ ਸਿੰਘ ਹੁਣ ਸਿੱਖੋ ?'
ਕਹਿਕੇ ਕਰਦਾ ਸੀ ਦਿਲੋਂ ਪਾਰ ਤਾਨ੍ਹੇ।

ਸਿੰਘ ਆਖਦੇ ਸੀ ਠੰਡੀ ਆਹ ਲੈ ਕੇ,
ਸੁਣ ਸੁਣ ਐਸੇ ਖ਼ਾਰਦਾਰ ਤਾਨ੍ਹੇ।

ਐ ਖਾਲਸਾ ਪੰਥ ਦੇ ਵਾਲੀਆ ਵੇ !
ਤੇਰੇ ਵਾਸਤੇ ਰਹੇ ਸਹਾਰ ਤਾਨ੍ਹੇ।"

ਕਿਸ਼ਤੀ ਡੋਬ ਹੰਕਾਰ ਤੇ ਜ਼ੁਲਮ ਵਾਲੀ,
ਕੀਤਾ ਧਰਮ ਵਾਲਾ ਬੇੜਾ ਪਾਰ ਸਿੰਘਾਂ।

ਮਾਣ ਵਾਲਿਆਂ ਦੇ ਮਾਣ ਤੋੜ ਦਿੱਤੇ,
ਖਾ ਕੇ ਵਾਂਗ ਨਿਮਾਣਿਆਂ ਮਾਰ ਸਿੰਘਾਂ।

ਜ਼ੁਲਮ ਆਜਜ਼ੀ ਵਾਲੜੀ ਜੰਗ ਵੇਖਣ,
ਇਕ ਰੋਜ਼ ਸੁਨੈਹਰੀ ਬਾਜ਼ ਆਵੇ।

ਜ਼ਾਲਮ ਸਿੰਘਾਂ ਨੂੰ ਕੇਸਾਂ ਤੋਂ ਜਦੋਂ ਖਿੱਚਣ,
ਏਸ ਬਾਜ਼ ਵਲੋਂ ਇਹ ਅਵਾਜ਼ ਆਵੇ।

'ਜਿਦ੍ਹਾ ਬਾਜ਼ ਹਾਂ ਮੈਂ ਮਗਰ ਪਿਆ ਮੇਰੇ—
ਕਲਗੀਧਰ ਦਸਵਾਂ ਮਹਾਰਾਜ ਆਵੇ।'

'ਦੇਗ ਤੇਗ ਅਣਥਕ ਚਲੌਣ ਵਾਲਾ,
'ਜਿਦ੍ਹੇ ਸੀਸ ਤੇ ਨੂਰ ਦਾ ਤਾਜ'—ਆਵੇ।'

ਕਲਗੀ ਵਾਲਾ ਗਰੀਬਾਂ ਦੀ ਆਹ ਸੁਣ ਕੇ,
ਸੱਚਖੰਡ ਵਿਚੋਂ ਫੇਰ ਚੱਲਿਆ ਵੇ।

ਮੈਨੂੰ ਮੌਤ ਸੁਨੇਹਾ ਸੁਨੌਣ ਤੈਨੂੰ,
ਧੀਰਜ ਖਾਲਸੇ ਨੂੰ ਦੇਣ ਘੱਲਿਆ ਵੇ।

ਜਿਦ੍ਹੇ ਬੈਠਦਾ ਸੀ ਸਖੀ ਹੱਥ ਉਤੇ,
ਬਾਜ਼ਾ ! ਅੱਜ ਤੇਰਾ ਈ ਸਰਦਾਰ ਕਿੱਥੇ ?

ਤੀਰ ਵਿੱਚ ਤਰਕਸ਼ ਤੇ ਕਮਾਨ ਮੋਢੇ,
ਜਿਦ੍ਹੇ ਕਮਰ ਬੱਧੀ ਹੈ ਕਟਾਰ—ਕਿੱਥੇ ?

ਮੱਥੇ ਲਾਟ, ਕਲਗੀ ਦਸਤਾਰ ਉਤੇ,
ਨੀਲੇ ਘੋੜੇ ਦਾ ਸ਼ਾਹ ਅਸਵਾਰ ਕਿੱਥੇ ?

ਜ਼ਾਲਮ ਕੰਬਦੇ ਸੀ ਜਿਸ ਦਾ ਨਾਮ ਸੁਣ ਕੇ,
ਓਹੋ ਦੁਖੀਆਂ ਦਾ .ਗਮਖ਼ਵਾਰ ਕਿੱਥੇ ?

ਬਾਜ਼ਾ ! ਮਿਤਰ ਪਿਆਰੇ ਨੂੰ ਕਹੀਂ ਜਾ ਕੇ,
ਜੋ ਜੋ ਵੇਖਿਆ ਈ ਹੁੰਦਾ ਹਾਲ ਸਾਡਾ।

ਆਖੀਂ 'ਵਾਗ ਮੋੜੇ ਛੇਤੀ ਪੰਥ ਵਲੇ'
ਦੁਖੀ ਹੋ ਗਿਆ ਈ ਵਾਲ-ਵਾਲ ਸਾਡਾ।

ਮੌਸਮ ਬਹਾਰ ਅਤੇ ਦੁਖੀ ਹਿੰਦੁਸਤਾਨ

'ਸੁਣੇ ਦੁਖੀਆਂ ਦੀ ਅੱਜ ਕੌਣ ਲੋਕੋ'

ਮੋਰ ਪੌਣ ਪੈਲਾਂ ਬੱਦਲ ਦੇਖ ਕਾਲੇ
ਕਿਣ ਮਿਣ ਲਗੀ ਆਇਆ ਮਾਹ ਸੌਣ ਲੋਕੋ !

ਬੋਲੀ ਬੋਲੇ ਬਬੀਹੜਾ ਮਸਤ ਹੋ ਕੇ,
ਵਿਚ ਬਾਗ ਪੰਛੀ ਚਹਚਹੌਣ ਲੋਕੋ !

ਰੁਖ ਨਵੀਂ ਵਹੁਟੀ ਵਾਂਗਰ ਪਲ ਪਲ ਕੇ,
ਭੇਸ ਹਰੇ ਪੀਲੇ ਪਏ ਵਟੌਣ ਲੋਕੋ !

ਫੁੱਲ ਵਿਛੜੇ ਲਾਇ੍ਕੇ ਨਾਲ ਛਾਤੀ,
ਗੀਤ ਪ੍ਰੇਮ ਦੇ ਬੁਲਬੁਲਾਂ ਗੌਣ ਲੋਕੋ !

ਕਿਤੇ ਦੌਰ ਚਲਣ ਕਿਤੇ ਨਾਚ ਮੁਜਰੇ,
ਯਾਰ ਮਜਲਸਾਂ ਕਿਤੇ ਸਜੌਣ ਲੋਕੋ !

ਬਾਗ ਵਿਚ ਪੀਘਾਂ ਪਾਈਆਂ ਸੋਹਣਿਆਂ ਨੇ,
ਦਿਲ ਆਸ਼ਕਾਂ ਪਏ ਭਰਮੌਣ ਲੋਕੋ !

ਜੋਗੀ ਜਤੀ, ਗੁਰਮੁਖ ਮੋਮਨ ਪਏ ਕਿਧਰੇ,
ਪੈਦਾ ਕਰਨ ਵਾਲੇ ਨੂੰ ਧਿਔਣ ਲੋਕੋ !

ਵਿਚ ਰੰਗ ਰਲੀਆਂ ਸਾਰਾ ਜੱਗ ਰੁਝਾ,
ਸੁਣੇ ਦੁਖੀਆਂ ਦੀ ਅੱਜ ਕੌਣ ਲੋਕੋ !

'ਦੁਨੀਆਂ ਨਾਲ ਰਲ ਕੇ ਤੇ ਬਹਾਰ ਮਾਣੇ',
ਐਡੇ ਭਾਗ ਕਿੱਥੇ ਹਿੰਦੁਸਤਾਨ ਤੇਰੇ।

ਫੁੱਲਵਾੜੀਆਂ ਦੀ ਜਗ੍ਹਾ ਅੱਕ ਉੱਗੇ,
ਜਗ੍ਹਾ ਜਗ੍ਹਾ ਅੰਦਰ ਗੁਲਿਸਤਾਨ ਤੇਰੇ।

ਬੁਲਬੁਲ ਪਕੜ ਸੱਯਾਦ ਨੇ ਕੈਦ ਕੀਤੀ,
ਪੰਛੀ ਦੁਖੀ ਹੋ-ਹੋ ਕੁਰਲਾਣ ਤੇਰੇ।

ਲੁੱਟ ਲਿਆ ਖ਼ਿਜ਼ਾਂਅ ਨੇ ਚਮਨ ਸਾਰਾ,
ਪਏ ਬੇਲ ਬੂਟੇ ਕੁਮਲਾਣ ਤੇਰੇ।

ਡਾਵਾਂ ਡੋਲ ਹੋਏ ਬੇਰੁਜ਼ਗਾਰ ਫਿਰਦੇ,
ਕੀਤੇ ਕਾਲ ਨੇ ਬਾਲ ਹੈਰਾਨ ਤੇਰੇ।

ਦੇਸ਼ ਭਗਤ ਲੀਡਰ ਜੇਲ੍ਹਾਂ ਵਿੱਚ ਸੜਦੇ,
ਬੜੇ-ਬੜੇ ਚਾਤਰ ਵਿਦਵਾਨ ਤੇਰੇ।

ਡੰਡਾ ਬੇੜੀਆਂ ਪੁੱਠੀਆਂ ਹੱਥਕੜੀਆਂ—
ਨੇ ਮੁਕਾਇ ਦਿੱਤੇ ਨੌਜਵਾਨ ਤੇਰੇ।

ਭਾਰਤ ਵਰਸ਼ ਹਾਏ ! ਕੇੜ੍ਹੇ ਦੁਖੀ ਅੱਗੇ,
ਖੋਲ੍ਹ ਦੁੱਖੜੇ ਕਰਾਂ ਬਿਆਨ ਤੇਰੇ।

ਯਾਦ ਚਮਨ ਆਪਣੇ ਦੀ ਕਰਾਇ ਚੇਤੇ,
ਐਵੇਂ ਪਈ ਸਤਾਵੇ ਬਹਾਰ ਸਾਨੂੰ।

ਐਸ਼ ਇਸ਼ਰਤਾਂ ਖ਼ਵਾਬੋ ਖ਼ਿਆਲ ਹੋਈਆਂ,
ਭੰਨ ਸੁੱਟਿਆ ਗ਼ਮਾਂ ਦੀ ਮਾਰ ਸਾਨੂੰ।

ਲੁੱਟੀ ਜਾਉਂਦਾ ਚਮਨ ਸੱਯਾਦ ਜ਼ਾਲਮ,
ਕਰਨ ਦੇਇ ਨਾ ਰੱਤਾ ਪੁਕਾਰ ਸਾਨੂੰ।

ਪਰਾਧੀਨ ਹੋਏ, ਐਸੇ ਛੱਡਿਆ ਨਾ—
ਕਾਸੇ ਜੋਗੜਾ ਲੇਖ ਦੀ ਹਾਰ ਸਾਨੂੰ।

ਅਸੀਂ ਭੀਅ ਤੇਰੀ ਮਖ਼ਲੂਕ ਆਖ਼ਰ,
ਐਡਾ ਦਿਲੋਂ ਰੱਬਾ ! ਨਾ ਵਿਸਾਰ ਸਾਨੂੰ।

'ਹੁੰਦਾ ਰੱਬ ਜਲ੍ਹਿਆਂ ਵਾਲੇ ਬਾਗ ਔਂਦਾ,
ਡਾਇਰ ਆਖਦਾ ਪਿਆ ਵੰਗਾਰ ਸਾਨੂੰ।

'ਲਛਮਣ ਸਿੰਘ ਸੜਦਾ ਕਿਉਂ ਜੇ ਰੱਬ ਹੁੰਦਾ'
ਦੁਸ਼ਮਣ ਆਖ ਕਰਦੇ ਸ਼ਰਮਸਾਰ ਸਾਨੂੰ।

ਜਿਉਂ-ਜਿਉਂ ਦੇਰ ਲਾਵੇਂ ਪਏ ਖੁਆਰ ਕਰਦੇ,
ਮਾਣ ਵਾਲੜੇ ਸਰੇ ਬਾਜ਼ਾਰ ਸਾਨੂੰ।

ਅਸਲਾ ਸਮਝ ਤੂੰ ਸ਼ੇਰ ਦਾ ਹੈਂ ਬੱਚਾ

ਮਾਤਾ ਸਾਹਿਬ ਦੇਵਾਂ ਪਈ ਸਮਝਦੀ ਸੀ,
ਕਿ ਜਵਾਨ ਹੋਏ ਹੋਸਣ ਬਾਲ ਚਾਰੇ।

ਐਨੇ ਚਿਰ ਅੰਦਰ ਹੋ ਗਏ ਹੋਸਣ,
ਸਰੂ ਕੱਦ ਮੇਰੇ ਨੌਨਿਹਾਲ ਚਾਰੇ।

ਬਾਜਾਂ ਵਾਲੇ ਦੇ ਔਣ ਦੀ ਸੋਅ ਸੁਣ ਕੇ,
ਜਾਮੇਂ ਵਿਚ ਫੁੱਲੀ ਨਾ ਸਮਾਉਂਦੀ ਸੀ।

ਅਗਲੀ ਖ਼ੁਸ਼ੀ ਤੇ ਸੁਖਾਂ ਦਾ ਬੰਨ੍ਹ ਨਕਸ਼ਾ,
ਅੱਖਾਂ ਮੀਚ ਕੇ ਸੋਚ ਦੁੜਾਉਂਦੀ ਸੀ।

ਬੂਹੇ ਵੜਦਿਆਂ ਹੀ ਪੱਤੀ ਪੁੱਤਰਾਂ ਦੇ,
ਪਾਣੀ ਵਾਰ ਕੇ ਸਿਰਾਂ ਤੋਂ ਪੀਵਸਾਂਗੀ।

ਤੱਕ ਤੱਕ ਕਰਸਾਂ ਅੱਖਾਂ ਠੰਡੀਆਂ ਮੈਂ,
ਨਾਲ ਜੱਗ ਰਲ ਕੇ ਮੈਂ ਜੀਵਸਾਂਗੀ।

ਅਜੀਤ ਸਿੰਘ ਜੁਝਾਰ ਸਿੰਘ ਆਪਣੇ ਨੂੰ,
ਮੂੰਹ ਚੁੰਮ ਕੇ ਕੋਲ ਬਹਾਵਸਾਂਗੀ।

ਫਤਹ ਸਿੰਘ ਜ਼ੋਰਾਵਰ ਸਿੰਘ ਤਾਈਂ,
ਘੁੱਟ ਘੁੱਟ ਛਾਤੀ ਨਾਲ ਲਾਵਸਾਂਗੀ।

ਘਰ ਔਂਦਿਆਂ ਹੀ ਚੌਹਾਂ ਸੋਹਣਿਆਂ ਦਾ,
ਹੱਥੀਂ ਆਪਣੀ ਚਾ ਵਿਆਹ ਕਰਸਾਂ।

ਮੇਰੇ ਜਿਹਾ ਸੁਖੀ ਤਦੋਂ ਕੌਣ ਹੋਸੀ,
ਨੂਹਾਂ ਨਾਲ ਜਦ ਆਪਣਾ ਘਰ ਭਰਸਾਂ ?

ਤਾਂਹੀਏਂ ਗੋਲੀ ਨੇ ਆਣ ਕੇ ਖ਼ਬਰ ਕੀਤੀ,
'ਮਾਤਾ ! ਸੰਗਤਾਂ ਦਾ ਸਰਦਾਰ ਆਇਆ।"

"ਨੱਠੇ ਜਾਣ ਲੋਕੀ ਸਾਰੇ ਦਰਸ਼ਨਾਂ ਨੂੰ।
ਆ ਕੇ ਬਾਹਰ ਸ਼ਹਿਰੋਂ ਸੂ ਦੀਵਾਨ ਲਾਇਆ।"

ਮਾਤਾ ਸੁਣਦਿਆਂ ਹੀ ਟਹਿਲਣ ਨਾਲ ਲੈ ਕੇ,
ਚੁੱਕ ਅੱਡੀਆਂ ਪੱਬਾਂ ਦੇ ਭਾਰ ਦੌੜੀ।

ਆ ਕੇ ਵੇਖਿਆ ਬੜਾ ਦੀਵਾਨ ਸਜਿਆ,
ਬੈਠੇ ਸੂਰਮੇ ਕਈ ਹਜ਼ਾਰ ਦਿੱਸਣ।

ਇਕ ਤਖ਼ਤ ਉਤੇ ਦੋ ਜਹਾਨ ਵਾਲੀ,
ਬੈਠੇ ਸੰਗਤਾਂ ਦੇ ਵਿਚਕਾਰ ਦਿੱਸਣ।

ਮੱਥਾ ਟੇਕ ਕੇ ਪਤੀ ਦੇ ਚਰਨ ਉਤੇ,
ਮਾਤਾ ਚਾਰ ਚੁਫੇਰੇ ਹੀ ਨਜ਼ਰ ਮਾਰੇ।

ਐਪਰ ਕਿਸੇ ਪਾਸੇ ਨਾ ਨਿਗਾਹ ਚੜ੍ਹਦੇ,
ਜਿਗਰ ਦੇ ਸੋਹਣੇ ਲਾਲ ਚਾਰੇ।

ਸੱਜੀ ਅੱਖ ਫਰਕੀ ਮਾਤਾ ਦੀ ਓਦੋਂ,
ਲੱਗੀ ਕਹਿਣ ਪੱਲਾ ਗੱਲ ਪਾਇਕੇ ਤੇ।

ਐ ਸਿਰਤਾਜ ਮੇਰੇ ! ਮੇਰੇ ਸਾਹਿਬਜ਼ਾਦੇ,
ਕਿੱਥੇ ਨੇ ! ਪੁੱਛੇ ਥਥਲਾਇ ਕੇ ਤੇ।

ਐਸੇ ਬਲੀ ਕੋਲੋਂ ਜਿਦ੍ਹੀ ਰਣ ਅੰਦਰ,
ਝਲ ਸਕਦਾ ਕੋਈ ਤਲਵਾਰ ਨਾ ਸੀ।

ਏਸ ਨਿੱਕੇ ਜੇਹੇ ਵੇਖੋ ਸਵਾਲ ਸੰਦਾ,
ਉੱਤਰ ਗਿਆ ਦਿੱਤਾ ਪਹਿਲੀ ਵਾਰ ਨਾ ਸੀ।

ਮਾਤਾ ਕੰਬਦੀ ਕੰਬਦੀ ਫੇਰ ਬੋਲੀ,
ਹੱਥ ਜੋੜ ਨੈਣਾਂ ਵਿੱਚ ਨੀਰ ਭਰ ਕੇ।

ਮੇਰੇ ਲਾਲ ਕਿੱਥੇ ਗਏ, ਦੱਸਦੇ ਹੋ—
ਕਿਉਂ ਨਹੀਂ ਸਾਂਈਂ, ਮੈਨੂੰ ਤਰਸ ਕਰ ਕੇ ?

ਸਾਰੇ ਜੱਗ ਦੇ ਸਾਮ੍ਹਣੇ ਮੈਂ ਤੋਰੇ
ਬਾਲ ਨਾਲ ਤੇਰੀ ਉਂਗਲ ਲਾਇਕੇ ਤੇ।

ਕਰੀਂ ਰੱਖਿਆ ਇਨ੍ਹਾਂ ਦੀ ਰਿਦੇ ਰੱਖ ਕੇ !
ਤੈਨੂੰ ਕਿਹਾ ਸੀ ਬਾਂਹਾਂ ਫੜਾਇਕੇ ਤੇ।

ਮੁਸਕਰਾਇਕੇ ਤਾਂ ਸ਼ਹਿਨਸ਼ਾਹ ਬੋਲੇ,
"ਜੇ ਜ਼ਰੂਰ ਲੈਣਾ ਹੈ ਜਵਾਬ ਲੈ ਲੈ।"

ਹੈ ਸਵਾਲ ਤੇਰੇ ਦਾ ਜਵਾਬ ਏਹੀ,
ਕਿ ਜਵਾਬ ਦੀ ਜਗ੍ਹਾ ਹਿਸਾਬ ਲੈ ਲੈ।"

ਮਾਤਾ ਡਰੀ ਸੁਣ ਕੇ ਗੋਲ ਮੋਲ ਗੱਲਾਂ,
ਫੇਰ ਆਖਦੀ ਵਾਸਤਾ ਪਾਇ ਕੇ ਤੇ।

"ਛਡ ਕਿਸ ਜਗ੍ਹਾ ਤੇ ਆਏ ਹੋ ਲਾਲ ਮੇਰੇ !
ਸਫਰ ਵਿਚ, ਦੱਸੋ ਸਮਝਾਇਕੇ ਤੇ।"

ਤੀਜੀ ਵਾਰ ਬੋਲੇ ਗੁਰੂ "ਲਾਲ ਤੇਰੇ,
ਪਿੱਛੇ ਧਰਮ ਸ਼ਹੀਦੀਆਂ ਪਾਇ ਗਏ ਨੇ।"

"ਦੋ ਵਿਚ ਮੈਦਾਨ ਕੁਰਬਾਨ ਹੋਏ,
ਦੋ ਨੀਹਾਂ ਦੇ ਵਿਚ ਚੁਣਵਾਇ ਗਏ ਨੇ।"

ਐਸੇ ਬਚਨ ਸੁਣ ਕੇ ਮਾਤਾ ਸਾਹਿਬ ਦੇਵਾਂ,
ਜਿਥੇ ਖੜੀ ਸੀ ਖੜੀ ਦੀ ਖੜੀ ਰਹਿ ਗਈ।

ਰੂਹ ਉੱਡ ਚੱਲੀ ਛੱਡ ਪਿੰਜਰੇ ਨੂੰ,
ਪਤੀ ਵੇਖ ਕੇ ਲਬਾਂ ਤੇ ਅੜੀ ਰਹਿ ਗਈ।

ਮਾਤਾ ਖੁੱਸਦੇ ਧੜਕਦੇ ਕਾਲਜੇ ਨੂੰ,
ਮੁੱਠੀ ਵਿਚ ਲੈ ਕੇ ਬਹਿ ਗਈ ਲੋਕੋ !

ਕੁਲ੍ਹ ਹਿਰਸ ਦੁਨੀਆਂ ਵਾਲੀ ਧੋਇ ਕੇ ਤੇ,
ਦਿੱਤਾ ਵਾਹਿਗੁਰੂ ਦਾ ਸਹਿ ਗਈ ਲੋਕੋ !

ਕੰਬੇ ਬਦਨ ਅੱਖਾਂ ਅੱਗੇ ਫਿਰਨ ਤਾਰੇ,
ਜੱਗ ਵਾਲੜੀ ਆਸ ਉਮੀਦ ਟੁੱਟੀ।

ਰਾਣੀ ਇੱਛਰਾਂ ਦੇ ਵਾਂਗ ਸਾਹਿਬ ਦੇਵਾਂ,
ਘਰ ਬੈਠੇ ਬਿਠਾਇਆਂ ਹੀ ਗਈ ਲੁੱਟੀ।

ਰਾਣੀ ਇੱਛਰਾਂ ਤੇ ਮਾਤਾ ਸਾਹਿਬ ਦੇਵਾਂ—
ਦੋ ਵਿਛੋੜਿਆਂ ਦਾ ਮੇਲ ਜੁੜੇ ਨਾਹੀਂ।

ਓਹਦਾ ਇਕ 'ਪੂਰਨ' ਅੰਤ ਆਣ ਮਿਲਿਆ,
ਇਸਦੇ ਚਾਰ ਜਾ ਕੇ ਫੇਰ ਮੁੜੇ ਨਾਹੀਂ।

ਦੇਖ ਤੜਫ ਮਾਤਾ ਦੀਆਂ ਆਂਦਰਾਂ ਦੀ,
ਕਲਗੀਧਰ ਬੋਲੇ ਮਿਹਰਬਾਨ ਹੋ ਕੇ :

"ਅੱਖਾਂ ਮੀਟ ਕੇ ਭੋਲੀਏ ! ਖੇਲ੍ਹ ਰੱਬੀ,
ਜ਼ਰਾ ਦੇਖ ਖਾਂ ਅੰਤਰ ਧਿਆਨ ਹੋ ਕੇ।"

ਮਾਤਾ ਨੀਰ ਭਰੀਆਂ ਅੱਖਾਂ ਮੀਚੀਆਂ ਚਾ,
ਸਾਂਈਂ ਐਸਾ ਜਦੋਂ ਬਚਨ ਉਚਰਿਆ ਸੀ।

ਡਿੱਠਾ "ਇਕ ਦਾਣਾ ਖ਼ਸਖ਼ਾਸ ਜੇਡਾ,
ਅਰਸ਼ ਤੋਂ ਹੇਠਾਂ ਵਲ ਉਤਰਿਆ ਸੀ।"

ਹੇਠਾਂ ਉਤਰ ਕੇ ਮਿਲ ਗਿਆ ਵਿੱਚ ਮਿੱਟੀ,
ਮਿੱਟੀ ਵਿੱਚ ਚਾ ਆਪਣਾ ਆਪ ਖੋਇਆ।"

"ਜਿਥੇ .ਗੈਬ ਹੋ ਗਿਆ ਸੀ, ਪਰ ਉਥੋਂ,
ਇਕ ਹਰਾ ਤਿਨਕਾ ਨਮੂਦਾਰ ਹੋਇਆ।"

'ਤਿਨਕਾ ਓਹ ਛੇਤੀ-ਛੇਤੀ ਗਿਆ ਵਧਦਾ,
ਬਣਿਆ ਬੋਹੜ ਵੱਡਾ ਬੀਆਬਾਨ ਅੰਦਰ।

'ਮਾਤਾ ਜੀ ਦੇ ਦੇਖਦੇ ਦੇਖਦੇ ਹੀ,
ਫੈਲ ਗਿਆ ਸਾਰੇ ਆਸਮਾਨ ਅੰਦਰ।

'ਟਹਿਣੀ ਟਹਿਣੀ ਤੇ ਲੱਗੀਆਂ ਲੱਖ ਗੋਲ੍ਹਾਂ,
ਗੋਲ੍ਹ ਗੋਲ੍ਹ ਅੰਦਰ ਬੇਸ਼ੁਮਾਰ ਦਾਣੇ।'

ਮਾਤਾ ਦੇਖਦੀ ਬੜੀ ਅਸਚਰਜ ਹੋ ਕੇ,
ਨਾ ਅਗੰਮ ਦੀ ਖੇਲ੍ਹ ਦਾ ਰਾਜ਼ ਜਾਣੇ।

ਦਸਮ ਗੁਰੂ ਨੇ ਆਖਿਆ 'ਖੋਲ੍ਹ ਅੱਖਾਂ,
ਸਾਨੂੰ ਦਸ ਕੌਤਕ ਜੋਹੜਾ ਦੇਖਿਆ ਈ।

ਮਾਤਾ ਸਾਹਿਬ ਦੇਵਾਂ ਨੇ ਬਿਆਨ ਕੀਤਾ,
ਸਾਰਾ ਹਾਲ ਅੱਖੀਂ ਜੇਹੜਾ ਪੇਖਿਆ ਈ।'

ਸਾਹਿਬ ਆਖਿਆ ਹੱਸ ਕੇ 'ਇਕ ਦਾਣੇ—
ਤੋਂ ਅਨੇਕ ਦਾਣੇ ਜਿਵੇਂ ਹੋ ਗਏ ਨੇ।

'ਅਰਬਾਂ ਦੀ ਗਿਣਤੀ ਵਿੱਚ ਲਾਲ ਤੇਰੇ,
ਫੈਲ ਜਾਣ ਵਾਲਾ ਬੀਜ ਬੋ ਗਏ ਨੇ।

'ਭਾਵੇਂ ਜਾਪਦਾ ਹੈ ਉਤੋਂ ਬਾਲ ਤੇਰੇ,
ਡੇਰੇ ਕੂਚ ਏਥੋਂ ਹਮੇਸ਼ਾਂ ਲਈ ਕਰ ਗਏ ਨੇ।

"ਐਪਰ ਦਰ ਅਸਲ ਸ਼ਕਲ ਨੂੰ ਬਦਲ ਕੇ,
ਸਾਰੇ ਖਾਲਸੇ ਵਿਚ ਪ੍ਰਵੇਸ਼ ਕਰ ਗਏ ਨੇ।

ਏਸ ਦਾਣੇ ਦੀ ਤਰ੍ਹਾਂ ਇਨਸਾਨ ਜੇਕਰ,
ਪਰਉਪਕਾਰ ਪਿੱਛੇ ਜਿੰਦ ਵਾਰ ਦੇਵੇ।

ਹੈ ਕੁਰਬਾਨੀ ਦਾ ਅਸਰ ਕਿ ਸਮਾਂ ਪਾ ਕੇ,
ਤੇ ਸ਼ਹੀਦ ਪੈਦਾ ਬੇਸ਼ੁਮਾਰ ਹੋਵੇ।

ਰੂਹ ਸ਼ਹੀਦ ਦੀ ਜਦੋਂ ਸ਼ਹੀਦ ਹੋ ਕੇ,
ਖ਼ਾਲੀ ਪਿੰਜਰਾ ਪਿੱਛੇ ਤਿਆਗ ਜਾਵੇ।

ਘਰ ਘਰ ਅੰਦਰ ਪਰਵੇਸ਼ ਕਰ ਕੇ,
ਅਗਲੀ ਨਵੀਂ ਸ਼ਹੀਦੀ ਦੀ ਜਾਗ ਲਾਵੇ।

ਏਸੇ ਵਾਸਤੇ ਹੀ ਪਰਵਾਨਿਆਂ ਨੂੰ,
ਸੜਨ ਸ਼ਮ੍ਹਾਂ ਤੋਂ ਬਾਝ ਨਾ ਕੁਝ ਸੁੱਝੇ।

ਬਸ ਤਦੋਂ ਕਰਦੇ ਜਦੋਂ ਸ਼ਮ੍ਹਾ ਜ਼ਾਲਮ,
ਖ਼ੁਦ-ਬਖ਼ੁਦ ਹੀ ਪਿਗਲ ਕੇ ਆਪ ਬੁੱਝੇ।

ਅਫਸੋਸ ਕੈਸਾ? ਗੁਰੂ ਘਰ ਅੰਦਰ,
ਬਾਪ ਦਾਦਿਆਂ ਤੋਂ ਰਸਮ ਚਲੀ ਆਈ।

ਤਨ, ਮਨ, ਧਨ ਆਪਣਾ ਸਮਝਿਆ ਨਾ,
ਸਿੱਖਾਂ ਨਾਲ ਜਿਸ ਦਿਨ ਦੀ ਪ੍ਰੀਤ ਪਾਈ।

ਹੈ ਖਾਲਸੇ ਨੂੰ ਮੈਂ ਪਿਉਂਦ ਲੌਣੀ,
ਵਾਰ ਆਪਣੇ ਏਸ ਤੋਂ ਪੁੱਤ ਸੱਕੇ।

ਮੇਰਾ ਖੂਨ ਕਰਸੀ ਇਨ੍ਹਾਂ ਵਿਚ ਜਾ ਕੇ,
ਰਿਸ਼ਤੇ ਗੁਰੂ ਸਿੱਖੀ ਵਾਲੇ ਹੋਰ ਪੱਕੇ।

ਤੇਰੇ ਲਾਲ ਚਾਰੇ ਇਕ ਦਿਨ ਆਊ,
ਚਾਲ੍ਹੀ ਲੱਖ ਬਣ ਕੇ ਨਜ਼ਰ ਆਵਸਣਗੇ।

ਆਖਣਗੇ—"ਮਾਤਾ ਸਾਡੀ ਸਾਹਿਬ ਦੇਵਾਂ",
ਝੰਡਾ ਜੱਗ ਤੇ ਤੇਰਾ ਝੁਲਾਵਸਣਗੇ।

ਇਸ ਤੋਂ ਬਾਅਦ ਗਿਣਤੀ ਬੇ-ਸ਼ੁਮਾਰ ਹੋਸੀ;
ਤੇਰੇ ਪੁੱਤਰਾਂ ਦੀ ਮੇਰੇ ਖਾਲਸੇ ਦੀ।

ਜਿਹੜਾ ਤੱਕੇਗਾ ਇਨ੍ਹਾਂ ਦੀ ਹਵਾ ਵੱਲੋ,
ਰੱਬੀ ਗ਼ੈਬ-ਸ਼ਕਤੀ ਉਸਨੂੰ ਗਾਲਸੇ ਗੀ।

ਤਖ਼ਤ-ਬਖ਼ਤ ਖੁਸ਼ਹਾਲੀ ਤੇ ਸ਼ਾਨ-ਸ਼ੌਕਤ,
ਸਦਾ ਖਾਲਸੇ ਦੇ ਹਮ-ਰਕਾਬ ਹੋਸਣ।

ਇੱਜ਼ਤ ਲਈ ਹੋਸੀ, ਸੇਵਾ ਕਸਵੱਟੀ,
ਜਿਹੜੇ ਲਿੱਦ ਹੂੰਝਣ ਸੋ ਨਵਾਬ ਹੋਸਣ।

ਰੱਖਣਗੇ ਇਹ ਦਿਲ ਵਿਚ ਵੈਰਾਗ ਭਰਿਆ,
ਤਖ਼ਤ ਤੇ ਬਹਿ ਕੇ ਕਰਸਣ ਰਾਜ ਭਾਵੇਂ।

ਲਾਸਣ ਸਾਧ ਸੰਗਤ ਵਾਲੀ ਧੂੜ ਮੱਥੇ,
ਸਿਰ ਤੇ ਹੀਰਿਆਂ ਹੋਵਸੀ ਤਾਜ ਭਾਵੇਂ।

ਜਦੋਂ ਤੀਕ ਭੀ ਰਖੇਗਾ ਇਹ ਸਿਫ਼ਤਾਂ,
ਇੱਜ਼ਤ ਖਾਲਸੇ ਦੀ ਵਿਚ ਸੱਥ ਰਹਿਸੀ।

ਨਾਲ ਨਾਲ ਪਰਛਾਵੇਂ ਦੇ ਵਾਂਗ ਰਹਿਸਾਂ,
ਕੰਮਾਂ ਵਿਚ ਇਨ੍ਹਾਂ ਮੇਰਾ ਹੱਥ ਰਹਿਸੀ।

ਨੌਜਵਾਨ ਸਿੱਖਾ ! ਅੱਖਾਂ ਖੋਲ੍ਹ ਕੇ ਤੇ,
ਇਰਦ-ਗਿਰਦ ਸਾਰੇ ਮਾਰ ਝਾਤ ਬੀਬਾ !

ਦੁੱਖਾਂ ਭਰੀ ਡਰਾਉਣੀ ਕੈਹਰ ਵਾਲੀ,
ਕੱਟੀ ਗਈ ਕਾਲੀ ਬੋਲੀ ਰਾਤ ਬੀਬਾ !

ਸਿੱਕ ਸਿੱਕ ਕੇ ਤੇ ਨਮੂਦਾਰ ਹੋਈ—
ਹੈ ਉਮੀਦ ਵਾਲੀ ਪਰਭਾਤ ਬੀਬਾ !

ਚੜ੍ਹਿਆ ਦਿਨ ਤੇ ਚਾਨਣ ਦੀ ਫਤਹ ਹੋਈ,
ਬਾਜ਼ੀ ਹੋਈ ਅਨ੍ਹੇਰ ਦੀ ਮਾਤ ਬੀਬਾ !

ਕਮਰ ਕੱਸ ਕੇ ਕੱਟ ਲੈ ਕਠਨ ਮੰਜ਼ਿਲ,
ਤੇਰੇ ਸਿਰ ਉਤੇ ਹੈ ਤੇਰਾ ਸਾਹਿਬ ਸੱਚਾ।

ਪਾਣੀ ਵਾਂਗ ਪਹਾੜਾਂ ਨੂੰ ਚੀਰਦਾ ਜਾ,
"ਅਸਲਾ ਸਮਝ, ਤੂੰ ਸ਼ੇਰ ਦਾ ਹੈਂ ਬੱਚਾ।"

। ਇਤੀ ।



ਆਤਮ ਸਾਇੰਸ ਟ੍ਰਸਟ

A/1 ਕਾਲਿੰਦੀ ਕਾਲੋਨੀ, ਨਵੀਂ ਦਿੱਲੀ-110065

ਸ: ਰਘਬੀਰ ਸਿੰਘ ਜੀ 'ਬੀਰ' ਦੀਆਂ ਮਨ ਨੂੰ ਸ਼ਾਂਤੀ ਤੇ ਆਤਮਾ ਦਾ ਗਿਆਨ ਦੇਣ ਵਾਲੀਆਂ ਮਹਾਨ ਰਚਨਾਵਾਂ ਨੇ ਅਨੇਕਾਂ ਜੀਵਨ ਬਦਲ ਦਿਤੇ ਹਨ। ਆਪ ਜੀ ਵੀ ਮੰਗਵਾ ਕੇ ਲਾਭ ਪ੍ਰਾਪਤ ਕਰੋ।

1. ਅਰਦਾਸ ਸ਼ਕਤੀ
2. ਬੰਦਗੀ ਨਾਮਾ
3. ਬੀਰ ਦੇ ਤੀਰ
4. ਚੜ੍ਹਦੀ ਕਲਾ
5. ਗੁਰਮਤ ਚਾਨਣ
6. ਖਾਲਸਈ ਸ਼ਾਨ
7. ਰਮਜ਼ੀ ਕਹਾਣੀਆਂ
8. ਰਮਜ਼ਾਂ
9. ਸਰਬ ਰੋਗ ਕਾ ਔਖਧ ਨਾ
10. ਸਾਡੇ ਵਿਚਾਰ
11. ਸਾਡੀ ਵਰਤਮਾਨ ਦਸ਼ਾ
12. ਸਫਲ ਜੀਵਨ
13. ਸਿਮਰਨ ਮਹਿਮਾ
14. ਅਨੁਭਵ ਪ੍ਰਕਾਸ਼
15. ਗੁਰਮੁਖ ਜੀਵਨ-ਸ੍ਰ. ਲਹਿਣਾ ਸਿੰਘ
16. ਸਦੀਵੀ ਖੇੜੇ ਸੁਰਜੀਤ ਜੇ ਸਿੰਘ
17. ਵਿਸਮਾਦੀ ਦਸ਼ਾ-ਪ੍ਰੋ: ਬਲਵੰਤ ਸਿੰਘ
18. ਸ਼ੁਕਰਾਨੇ ਸੁਰਜੀਤ ਜੇ ਸਿੰਘ
19. ਸਫਲ ਭਈ ਜਾਤ੍ਰਾ (ਜੀਵਨੀ ਸ੍ਰ: ਰਘਬੀਰ ਸਿੰਘ 'ਬੀਰ'
20. Bandgi Nama-English

ਪੁਸਤਕਾਂ ਮੰਗਾਉਣ ਦੇ ਹੋਰ ਪਤੇ

- ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ
- ਭਾਈ ਚਤਰ ਸਿੰਘ ਜੀਵਨ ਸਿੰਘ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ
- ਨਿਊ ਬੁੱਕ ਕੰਪਨੀ, ਮਾਈ ਹੀਰਾਂ ਗੇਟ, ਜਲੰਧਰ
- ਲਾਹੌਰ ਬੁਕ ਸ਼ਾਪ, 2, ਲਾਜਪਤ ਰਾਇ ਮਾਰਕਿਟ, ਲੁਧਿਆਣਾ
- ਪੰਜਾਬੀ ਪ੍ਰਕਾਸ਼ਕ, J6/85, ਰਾਜੌਰੀ ਗਾਰਡਨ, ਨਵੀਂ ਦਿੱਲੀ
- ਭਾਈ ਚਤਰ ਸਿੰਘ ਐਂਡ ਕੰਪਨੀ, ਕੂਚਾ ਜਟਮਲ, ਦਰੀਬਾ, ਦਿੱਲੀ
- ਨੈਸ਼ਨਲ ਬੁਕ ਸ਼ਾਪ, 32-B ਪਲੱਈਅਰ ਗਾਰਡਨ ਮਾਰਕਿਟ, ਚਾਂਦਨੀ ਚੌਕ, ਦਿੱਲੀ
- ਭਾਟੀਆ ਬ੍ਰਦਰਜ਼, ਗੁਰਦੁਆਰਾ ਬੰਗਲਾ ਸਾਹਿਬ, ਨਵੀਂ ਦਿੱਲੀ